# ਸਵੱਛ–ਸਕੂਲ ਪ੍ਰੋਗਰਾਮ

## ਸੇਵਾ ਸਹਿਤ: ਨਗਰ ਨਿਗਮ, ਅੰਮ੍ਰਿਤਸਰ ।

### ਕੂੜਾ-ਕਰਕੱਟ ਪ੍ਰਤੀ ਸਮਝਦਾਰ ਸਮਾਜ ਦੀ ਸਿਰਜਣਾ ਕਰੋ



| | | | |
|---|---|---|---|
| ਤੁਹਾਡੇ ਸਕੂਲ ਵਿਚ ਕਿਤਨਾ ਕੂੜਾ-ਕਰਕੱਟ ਬਣਦਾ ਹੈ? | ਤੁਹਾਡੇ ਸਕੂਲ ਵਿਚ ਕੂੜਾ-ਕਰਕੱਟ ਦੇ ਵਖਰੇਵੇਂ ਦਾ ਕੀ ਪ੍ਰਬੰਧ ਹੈ? | ਤੁਹਾਡਾ ਸਕੂਲ ਕਿਤਨੇ ਕੂੜਾ-ਕਰਕੱਟ ਨੂੰ ਮੁੜ ਰੀਸਾਈਕਲ ਕਰਦਾ ਹੈ? | ਤੁਹਾਡਾ ਸਕੂਲ ਕੂੜਾ-ਕਰਕੱਟ ਦਾ ਕਿਵੇਂ ਨਿਪਟਾਰਾ ਕਰਦਾ ਹੈ? |

A Hand book for School Managements and students, to help them make their schools & their surroundings more clean.

# ਕੂੜਾ-ਕਰਕੱਟ ਪ੍ਰਤੀ ਚਿੰਤਾਵਾਂ

ਕੂੜਾ, ਗੰਦ-ਮੰਦ, ਉੱਗੜ-ਦੁੱਗੜ ਖਲਾਰਾ, ਰਹਿੰਦ-ਖੂੰਹਦ, ਕੰਡਮ ਮਾਲ ਅਤੇ ਫ਼ਜ਼ੂਲ ਕੂੜਾ-ਕਰਕੱਟ ਵੱਖ ਵੱਖ ਰੂਪਾਂ ਵਿਚ ਬਣਦਾ ਹੈ। ਇਸਦਾ ਪ੍ਰਬੰਧ ਕਰਨਾ ਜ਼ਰੂਰੀ ਸੇਵਾਵਾਂ ਵਿਚੋਂ ਇਕ ਹੈ ਅਤੇ ਇਸ ਦਾ ਪ੍ਰਬੰਧ ਕਰਨਾ ਨਗਰ ਨਿਗਮ ਦਾ ਮੁੱਖ ਕਰਤਵ ਹੈ। ਫ਼ਜ਼ੂਲ ਕੂੜਾ-ਕਰਕੱਟ ਨੂੰ ਗੱਡੀਆ ਵਿਚ ਲੱਦਣਾ ਅਤੇ ਦੂਰ ਕਿਧਰੇ ਢੇਰ ਤੇ ਉਲਟਾ ਕੇ ਸੁਟ ਦੇਣਾ ਜੇ ਬੜਾ ਸੌਖਾ ਕੰਮ ਲਗਦਾ ਹੈ, ਤਾਂ ਫਿਰ ਸਾਰੇ ਸੰਸਾਰ ਦੇ ਸ਼ਹਿਰਾਂ ਅਤੇ ਨਗਰਾਂ ਦੀਆਂ ਗਲੀਆਂ ਵਿਚ ਗਲੇ ਸੜੇ ਕੂੜਾ-ਕਰਕੱਟ ਦੇ ਢੇਰ ਅਤੇ ਮੱਖੀਆਂ ਅਤੇ ਚੂਹੇ ਪੈਦਾ ਕਰਦੀਆਂ ਗੰਦੀਆਂ ਨਾਲੀਆਂ ਸ਼ਹਿਰੀ ਵਾਤਾਵਰਣ ਨੂੰ ਕਿਉਂ ਅਪਮਾਨਤ ਕਰ ਰਹੀਆਂ ਹਨ?



ਇਕ ਮਿੰਟ ਕੁ ਲਈ ਜ਼ਰਾ ਇੰਤਜ਼ਾਰ ਕਰੋ! ਇਹ ਕੂੜਾ-ਕਰਕੱਟ ਕੀ ਚੀਜ਼ ਹੈ? ਆਕਸਫ਼ੋਰਡ ਡਿਕਸ਼ਨਰੀ ਅਨੁਸਾਰ, 'ਕੂੜਾ-ਕਰਕੱਟ ਉਹ ਕੁਝ ਵੀ ਹੈ ਜਿਸਨੂੰ ਬੇਲੋੜਾ ਅਤੇ ਵਰਤੋਂ ਵਿਚ ਨਾ ਆਉਣ ਵਾਲਾ ਸਮਝ ਕੇ ਸੁੱਟ ਦਿਤਾ ਜਾਂਦਾ ਹੈ'। ਇਸ ਪ੍ਰੀਭਾਸ਼ਾ ਨੂੰ ਮੁੜ ਧਿਆਨ ਨਾਲ ਪੜ੍ਹੀਏ ਕਿ 'ਬੇਲੋੜਾ ਅਤੇ ਨਾ ਵਰਤੋਂ ਵਿਚ ਆਉਣ ਵਾਲਾ' ਤੋਂ ਮਤਲਬ ਹੈ ਕਿ ਇਸ ਸਰੋਤ ਦਾ ਮੂਲ-ਅਰਥ ਤੁਹਾਡੇ ਲਈ ਖਤਮ ਹੋ ਗਿਆ ਹੈ, ਭਾਵੇਂ ਹੋਰ ਕਿਸੇ ਲਈ ਉਹ ਇਸਤਰ੍ਹਾਂ ਜ਼ਰੂਰੀ ਨਾ ਹੋਵੇ। ਆਖਰਕਾਰ, ਇਸ ਬ੍ਰਹਮੰਡ ਵਿਚ ਹਰੇਕ ਵਸਤੂ Periodic Table ਦੇ ਬੁਨਿਆਦੀ 109 ਤੱਤਾਂ ਤੋਂ ਜਾਂ ਫਿਰ ਪੁਰਾਤਨ ਗਰੰਥਾਂ ਵਿਚ ਦੱਸੇ 5 ਤੱਤਾਂ ਤੋਂ ਹੀ ਬਣੀ ਹੈ। ਪਰ ਕੋਈ ਵੀ ਪਦਾਰਥ ਉਸਤਰ੍ਹਾਂ ਹੀ ਫ਼ਾਇਦੇਮੰਦ ਜਾਂ ਬੇਕਾਰ ਬਣਦਾ ਹੈ ਜਿਵੇਂ ਵੀ ਮਨੁੱਖ ਇਹਨਾਂ ਜ਼ਰੂਰੀ ਤੱਤਾਂ ਨੂੰ ਇਕ ਦੂਜੇ ਨਾਲ ਜੋੜਦਾ ਹੈ। ਜਿਸਨੂੰ ਤੁਸੀਂ ਅੱਜ ਫ਼ਜ਼ੂਲ ਕੂੜਾ-ਕਰਕੱਟ ਕਹਿੰਦੇ ਹੋ, ਉਸ ਵਿਚ ਕਿਸੇ ਨਾ ਕਿਸੇ ਤੱਤ ਨੂੰ ਜੇ ਮੁੜ ਵਰਤਣਯੋਗ ਕਰ ਲਿਆ ਜਾਵੇ ਤਾਂ ਉਹ ਫ਼ਜ਼ੂਲ ਕੂੜਾ-ਕਰਕੱਟ ਨਹੀਂ ਰਹਿ ਜਾਂਦਾ। ਮਾਨਵ-ਜਾਤੀ ਉਸ ਹਰ ਵਸਤੂ ਦੀ ਵਰਤੋਂ ਨਹੀਂ ਕਰਦੇ ਜੋ ਇਹ ਉਪਜਾਉਂਦੇ ਹਨ। ਜਿਸ ਕਿਸੇ ਚੀਜ਼ ਦੀ ਵੀ ਉਪਜ ਕੀਤੀ ਜਾਦੀ ਹੈ, ਉਹ ਕਿਸੇ ਨਾ ਕਿਸੇ ਤਰ੍ਹਾਂ ਕੂੜਾ-ਕਰਕੱਟ ਦੇ ਢੇਰ ਤੇ ਪਹੁੰਚ ਜਾਂਦੀ ਹੈ - ਬਜਾਏ ਕਿ ਉਸਦਾ ਵੱਖ ਵੱਖ ਸਾਧਨਾ ਰਾਹੀਂ ਉਸਦਾ ਪੁਨਰ-ਨਿਰਮਾਣ ਕੀਤਾ ਜਾਵੇ। ਭਾਰਤੀ ਸਮਾਜ ਉਹਨਾਂ ਚੀਜ਼ਾਂ ਨੂੰ ਵੀ ਫ਼ਜ਼ੂਲ ਕੂੜਾ ਸਮਝ ਕੇ ਸੁੱਟ ਦਿੰਦੇ ਹਨ ਜਿਹਨਾਂ ਨੂੰ ਬੜੀ ਆਸਾਨੀ ਨਾਲ ਮੁੜ ਪਹਿਲੀ ਅਵਸਥਾ ਵਿਚ ਲਿਆਂਦਾ ਜਾ ਸਕਦਾ ਹੈ। ਸਭ ਤੋਂ ਸਧਾਰਨ ਮਿਸਾਲ ਆਰਗੈਨਿਕ ਕੂੜੇ ਦੀ ਹੈ। ਇਹ ਕੂੜਾ ਕਰਕੱਟ ਤਾਂ ਹੀ ਹੈ ਕਿਉਂਕਿ ਬਹੁਤ ਘੱਟ ਲੋਗ ਇਸਤੋਂ ਰੂੜੀ/ ਬਨਸਪਤੀ ਖਾਦ ਬਨਾਉਣ ਦੀ ਕੋਸ਼ਸ਼ ਕਰਦੇ ਹਨ। ਕਿਸੇ ਚੀਜ਼ ਨੂੰ ਐਵੇਂ ਸੁੱਟ ਦੇਣਾ ਹੀ ਚਲੰਤ ਰਵਈਆ ਹੈ; ਜਾਂ ਫਿਰ

ਉਸ ਵਸਤੂ ਨੂੰ ਸ਼ਹਿਰ ਦੇ ਕਿਧਰੇ ਢੇਰ ਤੇ ਸੁੱਟ ਦਿਤਾ ਜਾਵੇ ਅਤੇ 30-40 ਸਾਲਾਂ ਲਈ ਫ਼ਜ਼ੂਲ ਢੇਰ ਤੇ ਹੀ ਪਿਆ ਰਹੇ ਜਦ ਕਿ ਇਸ ਢੇਰ ਉਤੇ ਕੋਈ ਸ਼ਾਨਦਾਰ ਪਥਰੀਲਾ-ਬਾਗ਼ ਬਣ ਜਾਵੇ; ਪਰ ਉਸ ਸਰੋਤ ਤੱਤ ਨੂੰ ਹਮੇਸ਼ਾ ਕੂੜਾ-ਕਰਕੱਟ ਹੀ ਕਿਹਾ ਜਾਵੇਗਾ।





## ਮਹੱਤਵ-ਪੂਰਨ ਕੂੜਾ-ਕਰਕੱਟ

ਸਰਕਾਰੀ ਸੂਤਰਾਂ ਅਨੁਸਾਰ, ਭਾਰਤ ਵਿਚ ਹਰੇਕ ਸਾਲ 5.5 ਕਰੋੜ ਟਨ ਮਿਉਂਸਿਪਲ ਕੂੜਾ-ਕਰਕੱਟ ਬਣਦਾ ਹੈ ਜੋ ਕਿ ਪ੍ਰਤੀ ਦਿਨ 15,06,84,000 ਕਿਲੋਗਰਾਮ ਹੁੰਦਾ ਹੈ, ਜਦ ਕਿ ਇਹ ਨਾਪ-ਤੋਲ ਜ਼ਿਅਦਾ ਵੀ ਹੋ ਸਕਦਾ ਹੈ। ਇਸ ਵਿਚੋਂ ਸਾਡੇ ਸ਼ਹਿਰ ਅੰਮ੍ਰਿਤਸਰ ਵਿਚ ਹਰ ਸਾਲ ਲਗ ਭਗ 2,19,000 ਟਨ ਹਰ ਸਾਲ ਜਾਂ 600,000 ਕਿਲੋਗ੍ਰਾਮ ਰੋਜ਼ਾਨਾ ਕੂੜਾ-ਕਰਕੱਟ ਬਣਦਾ ਹੈ। ਅਫ਼ਸੋਸ ਹੈ ਕਿ ਪਹਾੜੀ-ਢੇਰਾਂ ਤੇ ਸੁੱਟੇ ਜਾਣ ਵਾਲੇ ਇਸ ਕੂੜੇ ਦਾ ਘਟੋ ਘਟ 40 ਪ੍ਰਤੀਸ਼ਤ ਬੜੀ ਆਸਾਨੀ ਨਾਲ ਖਾਦ ਬਣਾਉਣ ਵਿਚ ਵਰਤਿਆ ਜਾ ਸਕਦਾ ਹੈ ਜਿਸ ਵਿਚ ਦੇਸ਼ ਦੇ ਘਰੇਗੀ ਕੂੜੇ ਦਾ 50 ਪ੍ਰਤੀਸ਼ਤ ਤਾਂ ਰਸੋਈ ਕੂੜਾ ਹੁੰਦਾ ਹੈ। ਕਈ ਸਾਲਾਂ ਦੇ ਤਜਰਬਿਆਂ ਬਾਅਦ, ਹੁਣ ਸਰਕਾਰ ਨੇ ਵਧ ਰਹੇ ਕੂੜਾ-ਕਰਕੱਟ ਨਾਲ ਨਜਿੱਠਣ ਲਈ 2016 ਦੀ ਰਸਮੀ ਯੋਜਨਾ ਵਿਚ ਕਈ ਨਿਯਮਾਂ ਅਤੇ ਲਿਖਤਾਂ ਨੂੰ ਦਰੁਸਤ ਕੀਤਾ ਹੈ ਅਤੇ New Solid Waste Management ਦੇ ਨਿਯਮਾ ਅਨੁਸਾਰ ਫਟੇ-ਪੁਰਾਣੇ ਕਪੜੇ/ਕਾਗ਼ਜ਼ ਚੁਕਣ ਵਾਲੇ ਅਤੇ ਕੂੜਾ-ਕਰਕੱਟ ਦੇ ਕਵਾੜੀਆ ਨੂੰ ਵੀ ਨਾਲ ਰਲਾਇਆ ਹੈ।

ਇਸ ਗੰਦ ਦੇ ਢੇਰ ਨਾਲ ਨਜਿੱਠਣ ਲਈ ਸਾਡੇ ਕੋਲ ਦੋ ਹੀ ਤਰੀਕੇ ਹਨ: ਘੱਟ ਵਰਤੋਂ ਨਾਲ ਕੂੜਾ ਘੱਟ ਕੀਤਾ ਜਾਵੇ ਅਤੇ ਕੂੜੇ ਵਿਚ ਵੀ ਵਖਰੇਵਾਂ ਕੀਤਾ ਜਾਵੇ ਤਾਕਿ ਅਸੀਂ, ਜਿਤਨਾ ਸੰਭਵ ਹੋ ਸਕੇ, ਇਸ ਫ਼ਜ਼ੂਲ ਕੂੜੇ ਦਾ ਮੁੜ-ਨਿਰਮਾਣ ਕਰਕੇ ਮੁੜ ਵਰਤੋਂ ਲਈ ਖਾਦ ਵਗੈਰਾ ਬਣਾ ਸਕੀਏ।

**Central Pollution Control Board** ਦੇ ਅਨੁਸਾਰ, ਦੇਸ਼ ਵਿਚ ਕੂੜਾ-ਕਰਕੱਟ ਦਾ 70 % ਇਕੱਠਾ ਕੀਤਾ ਜਾਂਦਾ ਹੈ ਅਤੇ ਸਿਰਫ਼ 12 ਪ੍ਰਤੀਸ਼ਤ ਹੀ ਨਿਰਮਾਣ ਵਿਧੀ ਵਿਚ ਲਿਆਂਦਾ ਜਾਂਦਾ ਹੈ। ਪਹਿਲੇ ਪੱਧਰ ਤੇ ਵਖਰੇਵਾਂ ਕਰਨਾ, ਇਕੱਤਰ ਕਰਨਾ, ਉਸਦਾ ਭੰਡਾਰ ਕਰਨਾ, ਮੁੜ-ਨਿਰਮਾਣ ਕਰਨਾ ਅਤੇ ਵਿਗਿਆਨਕ ਵਿਧੀ ਰਾਹੀਂ ਉਸ ਬਚੇ-ਖੁਚੇ ਨੂੰ ਨਿਪਟਾਣਾ ਹੀ ਕਾਫ਼ੀ ਹੈ।

ਅੱਜ ਕਲ੍ਹ ਦੇ ਨਿਯਮ ਕੂੜਾ ਕਰਕੱਟ ਨੂੰ ਸਰੋਤ ਪੱਧਰ ਤੇ ਹੀ ਤਿੰਨ ਭਾਗਾਂ ਵਿਚ ਵਖਰੇਵਾਂ ਕਰਨ ਤੇ ਜ਼ੋਰ ਦਿੰਦੇ ਹਨ (ਦੇਖੋ Diagram: Categories of Waste)। ਇਸ ਅਨੁਸਾਰ ਕੂੜਾ-ਉਪਜਾਊ-ਕਰਤਾ ਨੂੰ ਹੀ **Construction and Demolition** ਕੂੜੇ ਨੂੰ ਵੱਖ ਵੱਖ ਸਾਂਭਣ ਲਈ ਕਿਹਾ ਜਾਂਦਾ ਹੈ।





## ਵੱਖ ਵੱਖ ਕਰਨਾ

ਕੂੜੇ ਦੀ ਸਹੀ ਸੰਬਾਲ ਕਰਨ ਵਿਚ ਕੂੜਾ ਪੈਦਾ ਹੋਣ ਦੀ ਪੱਧਰ ਤੇ ਹੀ ਵਖਰੇਵਾਂ ਕਰਨਾ ਪਹਿਲਾ ਜ਼ਰੂਰੀ ਕਦਮ ਹੈ। ਪਰ ਬਹੁਤੇ ਸ਼ਹਿਰਾਂ ਦੇ ਇਲਾਕਿਆਂ ਵਿਚ ਕੂੜੇ ਦਾ ਵਖਰੇਵਾਂ ਸਰੋਤ ਪੱਧਰ ਤੇ ਨਹੀਂ ਕੀਤਾ ਜਾ ਰਿਹਾ।

**Domestic/trade/institutional waste:** ਬਹੁਤੇ ਘਰ, ਦੁਕਾਨਾਂ ਅਤੇ ਹੋਰ ਸੰਸਥਾਵਾ ਕੂੜਾ ਬਾਹਰ ਗਲੀਆਂ ਵਿੱਚ ਸੁੱਟ ਦਿੰਦੇ ਹਨ। ਜਿਹੜੇ ਲੋਗ ਕੂੜਾ-ਕਰਕੱਟ ਸੁੱਟਣ ਲਈ ਸਥਾਨਕ ਨਿਗਮ ਵਲੋਂ ਮੁਹਈਆ ਕਰਵਾਏ ਕੂੜਾਦਾਨਾਂ ਦੀ ਵਰਤੋਂ ਕਰਦੇ ਹਨ, ਉਹ ਕੂੜੇ ਨੂੰ ਕੂੜਾਦਾਨ ਵਿਚ ਸੁੱਟਣ ਦੀ ਬਜਾਏ ਕੂੜਾ ਅਕਸਰ ਆਲੇ ਦੁਆਲੇ ਸੁੱਟ ਦਿੰਦੇ ਹਨ। ਇਸਤਰ੍ਹਾਂ ਕੂੜਾ ਬਹੁਤਾ ਕਰਕੇ ਸੜਕਾਂ ਅਤੇ ਜਨਤਕ ਜਗਾਹਾਂ ਤੇ ਖਿਲਰਿਆ ਰਹਿੰਦਾ ਹੈ।

**Composition of MSW in India**




Industrial Waste – ਸੱਨਅਤੀ ਕੂੜ-ਕਬਾੜ: ਸ਼ਹਿਰਾਂ ਦੇ ਹਦੂਦ ਅੰਦਰ ਸਥਿਤ ਫੈਕਟਰੀਆਂ ਵਿਚ ਬਹੁਤ ਹੀ ਉੱਗੜ-ਦੁੱਗੜ ਅਤੇ ਖਤਰਨਾਕ ਕੂੜਾ-ਕਰਕਟ ਪੈਦਾ ਹੁੰਦਾ ਹੈ ਜੋ ਕਿ Pollution Control Board ਦੀਆ ਹਦਾਇਤਾਂ ਅਨੁਸਾਰ ਸੱਨਅਤਾਂ ਨੇ ਹੀ ਵਿਸ਼ੇਸ਼ ਸਥਾਨਾਂ ਤੇ ਨਿਪਟਾਉਣਾ ਹੁੰਦਾ ਹੈ। ਪਰ ਅਸਲ ਵਿਹਾਰ ਵਿਚ ਇਹ ਅਕਸਰ ਨਹੀਂ ਹੁੰਦਾ। ਕੂੜਾ-ਕਬਾੜ ਚੋਰੀ ਚੋਰੀ ਖੁਲ੍ਹੀਆ ਥਾਵਾਂ ਤੇ ਜਾਂ ਸੜਕਾਂ ਕਿਨਾਰੇ ਜਾਂ ਨਦੀਆ ਨਾਲਿਆਂ ਵਿਚ ਸੁੱਟ ਸਿਤਾ ਜਾਂਦਾ ਹੈ। ਇਸਤਰ੍ਹਾਂ ਕਰਨ ਨਾਲ ਵਾਤਾਵਰਣ ਅਤੇ ਹੇਠਲੀ ਭੋਂ ਦੂਸ਼ਤ ਹੁੰਦੇ ਹਨ।

## ਕੂੜਾ-ਕਰਕੱਟ ਦਾ ਪੁਨਰ-ਨਿਰਮਾਣ

ਮੁੜ-ਵਰਤੋਂ ਵਾਲੇ ਅਤੇ ਵਿਕਣਯੋਗ ਪਦਾਰਥਾਂ – ਜਿਵੇਂ ਅਖਬਾਰਾਂ, ਸ਼ੀਸ਼ੇ ਦੀਆਂ ਬੋਤਲਾਂ, ਖਾਲੀ ਪੀਪੇ, ਪਲਾਸਟਿਕ ਬੈਗ ਅਤੇ ਪੁਰਾਣੇ ਕਪੜਿਆਂ – ਨੂੰ ਸੰਭਾਲਣ ਦਾ ਕੰਮ ਲੋਗ ਅਕਸਰ ਕਰਦੇ ਹਨ ਅਤੇ ਮੁੱਲ ਵੇਚਦੇ ਹਨ। ਫਿਰ ਵੀ, ਬਹੁਤ ਸਾਰਾ ਨਿਰਮਾਣ ਕਰਨ ਯੋਗ ਵਰਤੋਂ ਬਾਹਰਾ ਸੁੱਕਾ ਕੰਡਮ ਮਾਲ ਜਿਵੇਂ ਫ਼ਜ਼ੂਲ ਕਾਗ਼ਜ਼, ਟੁੱਟਾ ਸ਼ੀਸ਼ਾ, ਧਾਤਾਂ ਅਤੇ ਵਸਤੂ-ਬੰਧਾਈ ਸਮਾਨ ਨੂੰ ਵਖਰਿਆਂ ਨਹੀਂ ਕੀਤਾ ਜਾਂਦਾ ਅਤੇ ਫ਼ਜ਼ੂਲ ਸਮਾਨ ਨਾਲ ਰਲਿਆ ਮਿਲਿਆ ਬਾਹਰ ਗਲੀ ਵਿਚ ਸੁੱਟ ਦਿਤਾ ਜਾਂਦਾ ਹੈ।

## ਲੈਂਡਫਿਲ ਵਿੱਚ ਭਰਤੀ ਪਾਉਣ ਦਾ ਵਿਹਾਰ

ਭਾਰਤ ਵਿਚ ਲੈਂਡਫਿਲ ਵਾਲੀ ਜਗ੍ਹਾ ਤਾ ਕੂੜੇ ਦੀ ਭਰਤੀ ਪਾਉਣ ਦੇ ਕਿਸੇ ਨਿਯਮਾਂ ਦੀ ਵਰਤੋਂ ਦੇ ਬਿਨਾਂ ਹੀ ਕੂੜਾ ਕਰਕੱਟ ਸੁੱਟ ਦਿਤਾ ਜਾਂਦਾ ਹੈ। ਕੂੜੇ ਨੂੰ ਮੁੱਢਲੇ ਸਰੋਤ ਤੇ ਵਖਰੇਵੇਂ ਦੇ ਨਿਯਮ ਦੀ ਵਰਤੋਂ ਕਰਨ ਤੋਂ ਬਿਨਾਂ ਹੀ ਦੂਸ਼ਤ ਮੈਡੀਕਲ ਅਤੇ ਫ਼ਜ਼ੂਲ ਸੱਨਅਤੀ ਕਬਾੜ ਕੂੜਾ ਸੁੱਟਣ ਵਾਲੀ ਥਾਂ ਤੇ ਪਹੁੰਚ ਜਾਂਦਾ ਹੈ। ਇਹ ਨੀਵੀਆਂ ਜਾਂ ਪਥਰੀਲੀ ਥਾਵਾਂ ਅਤੇ ਸੜਕਾਂ ਤੇ ਸੁੱਟ ਦਿਤਾ ਜਾਂਦਾ ਹੈ ਅਤੇ ਮਿੱਟੀ ਦੀ ਤਹਿ ਜਾਂ ਮੁਸਾਮਦਾਰੀ ਦਾ ਕੋਈ ਟੈੱਸਟ ਨਹੀਂ ਕੀਤਾ ਜਾਂਦਾ। ਕੂੜੇ ਨੂੰ ਨਾ ਹੀ ਠੋਸ ਰੂਪ ਵਿਚ ਕੀਤਾ ਜਾਂਦਾ ਹੈ ਅਤੇ ਨਾ ਹੀ ਠੀਕ ਤਰ੍ਹਾਂ ਢਕਿਆ ਜਾਂਦਾ ਹੈ। ਇਸਦੇ ਖੁਲ੍ਹੇ ਰਹਿਣ ਨਾਲ ਬਦਬੂ ਅਤੇ ਗੰਦੇ ਵਾਸ਼ਪ ਫੈਲਦੇ ਹਨ। ਕੂੜਾ ਸੁੱਟੇ ਜਾਣ ਵਾਲੀ ਥਾ ਤੇ ਚੂਹੇ ਅਤੇ ਗੰਦੀਆ ਮੱਖੀਆਂ ਪੈਦਾ ਹੁੰਦੇ ਹਨ ਅਤੇ ਆਵਾਰਾ ਕੁੱਤੇ ਅਤੇ ਡੰਗਰ ਫਿਰਦੇ ਰਹਿੰਦੇ ਹਨ। ਇਸ ਢੇਰ ਵਿਚੋਂ ਗੰਦੇ ਪਾਣੀ ਦੇ ਰਿਸਣ ਨਾਲ ਧਰਤੀ ਹੇਠਲਾ ਪਾਣੀ ਵੀ ਖਤਰੇ ਦੀ ਪੱਧਰ ਤੱਕ ਦੂਸ਼ਤ ਹੋ ਜਾਂਦਾ ਹੈ।

**TABLE : Types and examples of waste :**

| Types of waste | Examples of Waste |
|---|---|
| Garden Waste/horticultural Waste | Leaves, shrubs, trees, twigs, |
| e-Waste | Electronic and computer consumables, batteries, tube lights, CFL bulbs |
| Other | Wood, glass, metal, classroom furniture |
| Plastic | Empty Water bottles: plastic bags; aluminum foils |
| Paper | Used notebooks, used examination sheets, subscription newspaper and magazines text books |
| Biomedical Waste, including sanitary waste | Waste from school clinic (bandages, band-aid, bloody cotton, needles, syringe) used sanitary napkins/cloth |
| C&D (construction and demolition) waste | Building and construction, debris waste |
| Hazardous Waste | Chemicals from labs, paints from art room, oils, diesel fuel |

## E- Waste

ਭਾਰਤ ਵਿਚ ਇਹ ਸਭ ਤੋਂ ਤੇਜ਼ ਗਤੀ ਨਾਲ ਫ਼ੈਲ ਰਿਹਾ ਗੰਧਲਾ ਵਹਾ ਹੈ ਜੋ ਹਰ ਸਾਲ 10 ਪ੍ਰਤੀਸ਼ਤ ਵਾਧੇ ਨਾਲ ਬਹੁਤ ਤੇਜ਼ੀ ਨਾਲ ਵਧ ਰਿਹਾ ਹੈ। ਇਸ ਵਾਧੇ ਨੂੰ ਸੰਸਾਰ ਪੱਧਰ ਤੇ ਆਰਥਿਕਤਾ ਨਾਲ ਜੋੜਿਆ ਜਾ ਰਿਹਾ ਹੈ ਜਿਸ ਅਨੁਸਾਰ ਇਲੈਕਟ੍ਰੌਨਿਕ ਵਸਤਾਂ ਸਾਡੇ ਜੀਵਨ ਦਾ ਅਨਿੱਖੜਵਾਂ ਅੰਗ ਬਣ ਗਈਆ ਹਨ। ਭਾਰਤ ਵਿਚ ਘੱਟ ਕੀਮਤ ਤੇ ਉਤਪਾਦਨ, ਕਲਾਤਮਿਕ ਲੇਬਰ, ਕੱਚਾ ਸਾਮਾਨ, ਇੰਨਜੀਨੀਅਰਿੰਗ ਕੁਸ਼ਲਤਾ ਦੀ ਹੋਂਦ ਅਤੇ ਭਾਰਤ ਵਿਚ ਬਹੁ-ਗਿਣਤੀ ਵਾਲੀ ਜਨਤਾ ਵਿਚ ਵਧੇਰੇ ਮੰਗ ਹੋਣ ਕਾਰਨ ਇਥੇ ਇਲੈਕਟ੍ਰੌਨਿਕ ਇੰਡਸਟਰੀ ਨੂੰ ਵਿਸ਼ੇਸ ਵਾਧਾ ਮਿਲਦਾ ਹੈ। ਇਸਤਰ੍ਹਾਂ ਈ-ਨੁਕਸਾਨ ਪ੍ਰਬੰਧ ਸਾਡੇ ਲਈ ਤੁਰੰਤ ਅਤੇ ਲੰਬੇ ਸਮੇਂ ਤੱਕ ਚਲੱਣ ਵਾਲੀ ਚਿੰਤਾ ਬਣ ਗਈ ਹੈ ਕਿਉਂਕਿ ਇਸਦੀ ਬੇ-ਨਿਯਮੀ ਬਹੁਲਤਾ ਅਤੇ ਪੁਨਰ ਨਿਰਮਾਣ ਨਾਲ ਮਨੁੱਖੀ ਜੀਵਨ ਲਈ ਵਿਸ਼ੇਸ਼ ਵਾਤਾਵਰਣਕ ਮੁਸ਼ਕਲਾਂ ਪੈਦਾ ਹੋ ਸਕਦੀਆ ਹਨ।

## ਇਹ ਸਾਰਾ ਵਿਗਾੜ ਕਿਉਂ?

ਸ਼ਹਿਰੀ ਸਥਾਨਕ ਸੰਸਥਾਵਾਂ ਲਈ ਇਹ ਜ਼ਰੂਰੀ ਹੈ ਕਿ ਕਾਨੂੰਨ ਅਨੁਸਾਰ ਉਹਨਾਂ ਨੂੰ ਆਪਣੇ ਪ੍ਰਬੰਧ ਵਿਚ ਗਲੀਆਂ/ਬਾਜ਼ਾਰਾਂ ਨੂੰ ਸਾਫ਼ ਕਰਨਾ ਅਤੇ ਫ਼ਜ਼ੂਲ ਕੂੜਾ ਕਰਕੱਟ ਦੇ ਨਿਪਟਾਰੇ ਦਾ ਧਿਆਨ ਕਰਨਾ ਹੋਵੇਗਾ। Municipal Solid Waste ਦੇ 2016 ਦੇ ਨਿਯਮ ਕੂੜਾ ਕਰਕੱਟ ਪੈਦਾ ਕਰਨ ਵਾਲੇ ਅਤੇ ਸਥਾਨਕ ਸੰਸਥਾਵਾਂ ਦੋਨਾ ਨੂੰ ਇਸ ਦੇ ਨਿਪਟਾਰੇ ਲਈ ਜ਼ਿੰਮੇਵਾਰ ਠਹਿਰਾਉਂਦੇ ਹਨ। ਅੰਮ੍ਰਿਤਸਰ ਨਗਰ ਨਿਗਮ ਨੇ ਜਿਥੇ ਕਿ ਕੂੜਾ ਕਰਕੱਟ ਇਕੱਠਾ ਕਰਨ ਲਈ ਅਤੇ ਉਸਨੂੰ ਡੰਪਿੰਗ ਗਰਾਉਂਡ ਤੱਕ ਲਿਜਾਣ ਲਈ ਵਾਹਨਾਂ ਦਾ ਬੇੜਾ ਲਗਾਇਆ ਹੈ, ਉਥੇ ਹੁਣ ਕੂੜਾ ਪੈਦਾ ਕਰਨ ਵਾਲਿਆਂ ਦਾ ਫ਼ਰਜ਼ ਬਣਦਾ ਹੈ ਕਿ ਉਹ ਸ਼ਹਿਰ ਨੂੰ ਸਾਫ਼ ਸੁਥਰਾ ਰੱਖਣ ਵਿਚ ਆਪਣਾ ਯੋਗਦਾਨ ਪਾਉਣ। ਨਗਰ ਨਿਗਮ, ਅੰਮ੍ਰਿਤਸਰ ਅਤੇ ਅੰਮ੍ਰਿਤਸਰ ਦੇ ਸ਼ਹਿਰੀਆ ਦੇ ਸਮੂਹ ਦਾ ਕੋਸ਼ਸ਼-ਭਰਪੂਰ ਮਿਲਵਰਤਣ ਇਹ ਮੰਗ ਕਰਦਾ ਹੈ ਕਿ ਅੰਮ੍ਰਿਤਸਰ ਸ਼ਹਿਰ ਇਕ ਕੂੜਾ-ਮੁਕਤ ਅਦਾਰਾ ਬਣ ਸਕੇ।

ਕੂੜਾ ਕਰਕੱਟ ਨੂੰ ਨਿਪਟਾਉਣ ਦਾ ਪ੍ਰਬੰਧ ਕਰਨਾ ਸਾਡੇ ਦੇਸ਼ ਵਿਚ ਸਵਤੰਤਰਤਾ ਮਿਲਣ ਦੇ ਸਮੇਂ ਤੋਂ ਹੀ ਅਣਗੌਲਿਆ ਪਿਆ ਰਿਹਾ ਹੈ। ਫ਼ੈਸਲੇ ਕਰਨ ਵਾਲਿਆਂ ਦਾ ਧਿਆਨ ਕਦੇ ਵੀ ਇਧਰ ਨਹੀਂ ਗਿਆ। ਕੂੜਾ ਕਰਕੱਟ ਦੇ ਨਿਪਟਾਰੇ ਲਈ ਸੰਸਥਾਗਤ ਪ੍ਰਬੰਧ ਬਿਲਕੁਲ ਉੱਧੜ ਖੁੱਧੜੇ ਹਨ ਅਤੇ ਬਹੁਤਾ ਕਰਕੇ ਸਮਾਂ ਟਪਾਊ ਹਨ। ਹੁਣ, ਸਰਕਾਰ ਦੇ ਪ੍ਰੇਰਨਾ-ਬੱਧ ਹੰਭਲੇ ਨਾਲ, ਸ਼ਹਿਰਾਂ ਦੇ ਕੂੜਾ ਕਰਕੱਟ ਦੇ ਪ੍ਰਬੰਧ ਕਰਨ ਦੀ ਮਹੱਤਤਾ ਵੱਲ ਧਿਆਨ ਦਿਤਾ ਜਾ ਰਿਹਾ ਹੈ, ਪਰ ਜਨਤਕ ਸਹਿਯੋਗ ਬਹੁਤ ਘੱਟ ਹੈ, ਜੋ ਵਧੇਰੇ ਹੋਣਾ ਚਾਹੀਦਾ ਹੈ।

## ਫਿਰ ਅਸੀਂ ਕੀ ਕਰਨਾ ਹੈ?

ਕੂੜਾ ਕਰਕੱਟ ਦੇ ਨਿਪਟਾਰੇ ਲਈ ਇਸਨੂੰ ਇਕੱਠਾ ਕਰਨਾ ਅਤੇ ਵਿਧੀਵੱਤ ਕਰਨਾ ਸਿਰਫ਼ ਸਥਾਨਕ ਸੰਸਥਾ ਦਾ ਹੀ ਕੰਮ ਨਹੀਂ ਹੋਣਾ ਚਾਹੀਦਾ। ਸਮੇਂ ਦੀ ਨਜ਼ਾਕਤ ਨੂੰ ਪਹਿਚਾਣਦਿਆਂ ਆਮ ਜਨਤਾ ਅਤੇ ਸਥਾਨਕ ਸੰਸਥਾ ਵਿਚ ਵਧੇਰੇ ਸਮੂਹਕ ਹਿੱਸੇਦਾਰੀ ਹੋਣੀ ਚਾਹੀਦੀ ਹੈ ਜਦ ਕਿ ਕੂੜਾ ਪੈਦਾ ਕਰਨ ਵਾਲੇ ਹਰੇਕ ਵਿਅੱਕਤੀ ਦਾ ਧਿਆਨ ਕੂੜਾ ਕਰਕੱਟ ਘਟਾਉਣ ਵੱਲ, ਪੁਨਰ-ਨਿਰਮਾਣ ਵੱਲ ਅਤੇ ਇਸਦੇ ਨਿਪਟਾਰੇ ਵੱਲ ਹੋਵੇ।

- ਕੂੜੇ ਪ੍ਰਤੀ ਜਾਗਰੂਕਤਾ ਪੈਦਾ ਕਰਨ ਵਿਚ ਅਤੇ ਇਸਦੇ ਨਿਪਟਾਰੇ ਦਾ ਪ੍ਰਬੰਧ ਕਰਨ ਵਿਚ ਸਕੂਲ ਬੜੇ ਸ਼ਾਨਦਾਰ ਵਿਦਿਅਕ ਮੌਕੇ ਪੇਸ਼ ਕਰ ਸਕਦੇ ਹਨ।
- ਕੂੜਾ ਕਰਕੱਟ ਘਟਾਉਣ ਵਿਚ ਪਹਿਲ-ਕਦਮੀ ਕਰਨ ਨਾਲ ਕੁਦਰਤੀ ਸੋਮਿਆਂ, ਸ਼ਕਤੀ ਅਤੇ ਟੋਏ-ਟਿੱਬਿਆਂ ਵਾਲੀ ਜਗਹ ਭਰਨ ਦਾ ਬਚਾਓ ਹੁੰਦਾ ਹੈ।
- ਫ਼ਜ਼ੂਲ ਸਮਾਨ ਦੇ ਘਟਾਉਣ ਨਾਲ, ਮੁੜ ਵਰਤੋਂ ਅਤੇ ਮੁੜ-ਨਿਰਮਾਣ ਕਰਨ ਨਾਲ ਸਕੂਲ ਦੀ ਆਰਥਿਕ ਅਤੇ ਵਾਤਾਵਰਣਕ ਪ੍ਰਗਤੀ ਵਿਚ ਬੇਹਤਰੀ ਹੋਵੇਗੀ।
- ਸਕੂਲ ਵਿਚ ਕੂੜਾ-ਕਰਕੱਟ ਪ੍ਰਬੰਧਨ ਦਾ ਕਾਰਜ ਕਰਨ ਨਾਲ ਸਕੂਲ ਦਾ ਵਾਤਾਵਰਣ ਬੇਹਤਰ ਵਿਦਿਆ ਹਾਸਲ ਕਰਨ ਦੀ ਪ੍ਰਯੋਗਸ਼ਾਲਾ ਵਜੋਂ ਸਹਾਈ ਹੋਵੇਗਾ।
- ਸਥਾਨਕ ਵਾਤਾਵਰਣ ਵਿਚ ਇਸਦੀ ਅੜਿੱਚਣ ਹੋਣ ਕਾਰਨ ਇਸ ਵਿਸ਼ੇ ਨੂੰ ਸਮਝਣ ਵਿਚ ਵਿਦਿਆਰਥੀਆਂ ਨੂੰ ਅਨੇਕਾ ਮੌਕੇ ਮਿਲਦੇ ਹਨ।
- ਫ਼ਜ਼ੂਲ ਕਿਸੇ ਚੀਜ਼ ਨੂੰ ਵੀ ਨਹੀਂ ਸਮਝਿਆ ਜਾਣਾ ਚਾਹੀਦਾ; ਫ਼ਜ਼ੂਲ ਹੋਣਾ ਤਾਂ ਸਥਿਤੀ ਦਾ ਗਲਤ ਹੋਣਾ ਹੈ। ਅਸਲ ਵਿਚ, ਤੁਹਾਡੇ ਸਕੂਲ ਨੂੰ ਕੋਈ ਕੂੜਾ ਕਰਕੱਟ ਪੈਦਾ ਨਹੀਂ ਕਰਨਾ ਚਾਹੀਦਾ। ਪਰ ਕਈ ਫ਼ਜ਼ੂਲ ਪਦਾਰਥ ਬਣਦੇ ਹਨ ਕਿਉਂਕਿ ਕਈ ਮਨੁੱਖੀ ਗਤੀਵਿਧੀਆ ਦਾ ਨਤੀਜਾ ਹੀ ਫ਼ਜ਼ੂਲ ਉਤਪੰਨ ਕਰਦਾ ਹੈ। ਬੇਕਾਰ ਜਾਂ ਫ਼ਜ਼ੂਲ ਹੋਣ ਦੀਆਂ ਕਈ ਕਿਸਮਾਂ ਹਨ, ਜਿਵੇਂ ਕਿ biodegradable ਅਤੇ non-biodegradable ਅਤੇ ਖਤਰਾ-ਭਰਪੂਰ ਜਾਂ ਖਤਰਾ-ਰਹਿਤ। ਇਸ ਹਰੇਕ ਕਿਸਮ ਨੂੰ ਬੜੇ ਧਿਆਨ-ਪੂਰਵਕ ਸੰਭਾਲਨਾ ਹੋਵੇਗਾ।



## ਅਸੀਂ ਕੀ ਕਰ ਸਕਦੇ ਹਾਂ?

**ਵਖਰੇਵਾਂ:** Effective Waste Management ਵਾਸਤੇ ਮੁਲਵਾਨ ਵਿਧੀ ਸਰੋਤ ਬਿੰਦੂ ਵਖਰੇਵਾਂ ਤੋਂ ਹੀ ਸ਼ੁਰੂ ਹੁੰਦੀ ਹੈ। ਇਸਦਾ ਭਾਵ ਗਿੱਲਾ ਕੂੜਾ ਅਤੇ ਸੁੱਕਾ ਕੂੜਾ ਨੂੰ ਵੱਖ ਵੱਖ ਕਰਨਾ, ਜਿਸਦਾ ਮੰਤਵ ਹੈ ਕਿ ਸੁੱਕੇ ਕੂੜੇ ਦਾ ਸੌਖੇ ਹੀ ਮੁੜ-ਨਿਰਮਾਣ ਕਰਨਾ ਅਤੇ ਗਿੱਲੇ ਕੂੜੇ ਨੂੰ ਖਾਦ ਆਦਿ ਦੀ ਤਰ੍ਹਾਂ ਵਰਤਣਾ। ਕੂੜੇ ਦੇ ਵਖਰੇਵੇਂ ਲਈ ਸਕੂਲ ਦੇ ਹਦੂਦ ਵਿਚ ਵੱਖ ਵੱਖ ਰੰਗਾ ਦੇ ਕੂੜਾਦਾਨ ਰਖੇ ਜਾਣੇ ਚਾਹੀਦੇ ਹਨ। ਹਰੇ ਰੰਗ ਦੇ ਡਿੱਬੇ organic wet waste ਲਈ ਵਰਤੇ ਜਾਣੇ ਚਾਹੀਦੇ ਹਨ; ਨੀਲੇ ਡਿੱਬੇ ਮੁੜ-ਨਿਰਮਾਣ ਕੀਤੇ ਜਾਣ ਵਾਲੇ ਕੂੜੇ ਲਈ ਅਤੇ ਲਾਲ ਡਿੱਬਾ ਕਿਸੇ ਖਤਰਨਾਕ ਵਸਤੂਆਂ ਵਾਲੇ ਕੂੜੇ ਲਈ।

## ਖਾਦ ਤਿਆਰ ਕਰਨ ਲਈ!

ਆਪਣੀਆਂ ਫ਼ਜ਼ੂਲ ਵਸਤਾਂ ਨੂੰ ਮਿੱਟੀ ਵਿਚ ਬਦਲਣਾ। ਕਿਵੇਂ? ਅੱਗੇ ਪੜ੍ਹੋ। ਕੂੜਾ ਕਰਕੱਟ ਦੇ ਪੈਦਾ ਹੋਣ ਬਾਰੇ ਅਤੇ ਇਸ ਦੀ ਵਧਦੀ ਮਿਕਦਾਰ ਨਾਲ ਸਬੰਧਤ ਚਿੰਤਾਵਾਂ ਕਾਰਨ ਇਸਨੂੰ ਆਰਗੈਨਿਕ ਸਾਈਕਲਿੰਗ ਕਰਨ ਨਾਲ ਖਾਦ ਵਿਚ ਬਦਲਣ ਲਈ ਸਕੂਲਾਂ ਦੇ ਬਚਿਆਂ ਵਿਚ ਦਿਲਚਸਪੀ ਜਾਗ੍ਰਤ ਹੋਈ ਹੈ। ਅਜਿਹੀ ਖਾਦ ਨੂੰ ਬਨਾਉਣ ਲਈ ਇਸ ਕੂੜੇ ਨੂੰ ਸਕੂਲ ਵਿਚ ਹੀ ਸਰੋਤ ਪਦਾਰਥ ਵਜੋਂ ਵਰਤਣ ਦੀ ਵਿਸ਼ੇਸ਼ ਸੁਵਿਧਾ ਹੈ। ਇਸਤਰ੍ਹਾਂ ਸਕੂਲ ਨੂੰ ਬਹੁਤ ਫ਼ਾਇਦੇ ਹੋ ਸਕਦੇ ਹਨ ਜਿਵੇਂ ਕਿ ਮਿੱਟੀ ਦੀ ਉਪਜਾਊ ਸ਼ਕਤੀ ਦਾ ਵਧਾਉਣਾ ਅਤੇ ਫਿਰ ਉਪਜ ਦੇ ਵਧਾਉਣ ਨਾਲ ਉਪਜ ਵਿਚ ਵਿਭਿੰਨਤਾ ਆਉਂਦੀ ਹੈ ਅਤੇ ਵਾਤਾਵਰਣ ਵਿਚ ਬੇਹਤਰੀ ਬਣਦੀ ਹੈ। ਇਹ ਅਭਿਆਸ ਭਾਵੇਂ ਆਮ ਪ੍ਰਚੱਲਤ ਤਾਂ ਹੈ, ਪਰ ਦੇਸ਼ ਦੇ ਕਈ ਹਿਸਿਆਂ ਵਿਚ ਸਕੂਲ ਆਪ ਹੀ ਘਾਟਾ ਝਲਦੇ ਹੋਏ ਆਰਗੈਨਿਕ ਸਾਈਕਲਿੰਗ ਦੀ ਪੂਰੀ ਤਰ੍ਹਾਂ ਵਰਤੋਂ ਨਹੀਂ ਕਰਦੇ। ਹੋ ਸਕਦਾ ਹੈ ਕਿ ਉਹਨਾਂ ਕੋਲ ਸਹੀ ਸਮਝ ਨਾ ਹੋਵੇ ਅਤੇ ਉਹ ਸਮਝਦੇ ਹੋਣ ਕਿ ਖਾਦ ਬਨਾਉਣ ਵਿਚ ਮੇਹਨਤ ਅਤੇ ਵਾਧੂ ਸਮੇਂ ਦੀ ਵਰਤੋਂ ਹੁੰਦੀ ਹੈ ਅਤੇ ਆਰਥਿਕ ਪੱਖ ਵੀ ਸ਼ਾਮਿਲ ਹੁੰਦਾ ਹੈ।

## ਟੋਏ ਵਿਚ ਖਾਦ ਬਨਾਉਣ ਦਾ ਸਾਧਨ

ਖਾਦ ਬਨਾਉਣ ਦੀ ਇਸ ਪ੍ਰਸਿੱਧ ਵਿਧੀ ਨੂੰ ਹਾਵਰਡ ਅਤੇ ਵੈਡ ਨੇ 1931 ਵਿਚ ਹੋਂਦ ਵਿਚ ਲਿਆਂਦਾ। ਇਸ ਲਈ ਹੇਠ ਲਿਖੇ ਵਿਸ਼ੇਸ਼ ਤਰੀਕੇ ਅਤੇ ਸਾਧਨ ਹਨ:

ਪਹਿਲਾ ਕਦਮ: ਇਕ 9 ਫੁੱਟ ਲੰਬਾ, 5 ਫੁੱਟ ਚੌੜਾ ਅਤੇ 3 ਫੁੱਟ ਡੂੰਘਾ ਟੋਇਆ ਪੁਟਿਆ ਜਾਂਦਾ ਹੈ। ਇਸ ਟੋਏ ਨੂੰ ਤਿੰਨ ਬਰਾਬਰ ਹਿਸਿਆਂ ਵਿਚ ਵੰਡ ਦਿਤਾ ਜਾਂਦਾ ਹੈ ਜਿਹਨਾਂ ਵਿਚੋਂ ਦੋ ਹਿਸਿਆਂ ਨੂੰ ਭਰ ਦਿਤਾ ਜਾਂਦਾ ਹੈ ਅਤੇ ਤੀਜੇ ਨੂੰ ਮੁੜ ਅਦਲ ਬਦਲ ਕਰਨ ਲਈ ਖਾਲੀ ਰਹਿਣ ਦਿਤਾ ਜਾਂਦਾ ਹੈ।

ਦੂਜਾ ਕਦਮ: ਇਸ ਟੋਏ ਵਿਚ ਪਾਉਣ ਲਈ ਗਿੱਲੇ ਜਾਂ ਸੁੱਕੇ ਬਨਸਪਤੀ ਵਾਧ ਘਾਟ ਜਾਂ ਘਾਹ ਵਗੈਰਾ ਹੁੰਦੇ ਹਨ ਜਿਸ ਨੂੰ ਪਾਣੀ ਅਤੇ ਗੋਹੇ ਦੇ ਪਤਲੇ ਘੋਲ ਨਾਲ ਗਿੱਲਾ ਕੀਤਾ ਹੁੰਦਾ ਹੈ ਅਤੇ ਇਸ ਉਤੇ ਇਕ ਤੋਂ ਦੋ ਇੰਚ ਮਿੱਟੀ ਦੀ ਤਹਿ ਖਲਾਰ ਦਿਤੀ ਜਾਂਦੀ ਹੈ। ਜੇ ਡੰਗਰਾਂ ਦਾ ਗੋਹਿਆ ਨਾ ਮਿਲੇ ਤਾਂ ਉਸ ਟੋਏ ਨੂੰ ਭਰਨ ਲਈ ਰਸੋਈ ਵਿਚੋਂ ਬਚੇ ਖੁਚੇ ਸਬਜ਼ੀ ਜਾਂ ਫਲਾਂ ਦੇ ਛਿੱਲੜ, ਅੰਡਿਆ ਦੇ ਖੋਲ ਜਾਂ ਦਰਖਤਾਂ ਦੇ ਫ਼ਜ਼ੂਲ ਪੱਤੇ ਵਗੈਰਾ ਲੈ ਜਾ ਸਕਦੇ ਹਨ। ਇਸ ਮਿਸ਼ਰਣ ਨੂੰ ਰੋਜ਼ਾਨਾ ਰਲਾਇਆ ਜਾਦਾ ਹੈ ਤਾਕਿ ਇਹ ਠੋਸ ਵਸਤੂ ਨਾ ਬਣ ਜਾਵੇ।

ਕਦਮ ਤੀਜਾ: ਟੋਏ ਦੇ ਸਿਰਫ਼ ਦੋ ਹਿਸਿਆਂ ਨੂੰ ਹੀ ਤਹਿ ਤੋਂ ਬਾਅਦ ਤਹਿ ਨਾਲ 4 ਫੁੱਟ ਤਕ ਭਰਿਆ ਜਾਂਦਾ ਹੈ ਜਦ ਕਿ ਤੀਜੇ ਹਿੱਸੇ ਨੂੰ ਅਦਲ ਬਦਲ ਕਰਨ ਲਈ ਖਾਲੀ ਰਖਿਆ ਜਾਂਦਾ ਹੈ। ਪੂਰੀ ਤਰ੍ਹਾਂ ਭਰ ਜਾਣ ਤੋਂ ਬਾਅਦ, ਇਸ ਟੋਏ ਨੂੰ ਮਿੱਟੀ ਦੀ ਤਿੰਨ ਇੰਚ ਤਹਿ ਨਾਲ ਪੂਰ ਦਿਤਾ ਜਾਂਦਾ ਹੈ ਜਿਸ ਉਪਰ ਗੋਹੇ ਅਤੇ ਮਿੱਟੀ ਦੀ ਘਾਣੀ ਨਾਲ ਲੇਪ ਕਰ ਦਿਤਾ ਜਾਂਦਾ ਹੈ। ਖਾਦ ਨੂੰ ਬਨਾਉਣ ਵਿਚ ਤੇਜ਼ੀ ਕਰਨ ਲਈ ਇਸ ਨੂੰ ਉਲਟਾ ਪੁਲਟਾ ਕਰਦਿਆਂ ਹਿਲਾਉਂਦੇ ਰਹਿਣਾ ਵੀ ਪੈਂਦਾ ਹੈ ਜਦ ਕਿ ਇਸ ਮਿਸ਼ਰਣ ਨੂੰ ਲੋੜ ਪੈਣ ਤੇ ਹਵਾ ਲਗਣੀ ਅਤੇ ਗਿੱਲਾ ਰਖਣਾ ਵੀ ਜ਼ਰੂਰੀ ਹੈ।

ਇਸ ਵਿਧੀ ਰਾਹੀਂ ਸਾਰਾ ਪਦਾਰਥ ਹੀ ਗਲ ਸੜ ਜਾਂਦਾ ਹੈ ਅਤੇ ਤਿੰਨ ਕੁ ਮਹੀਨਿਆਂ ਵਿਚ ਖਾਦ ਦੇ ਰੂਪ ਵਿਚ ਭੂਰੇ ਰੰਗ ਦਾ ਪਦਾਰਥ ਬਣ ਜਾਂਦਾ ਹੈ। ਇਸ ਤਰੀਕੇ ਨਾਲ ਤਿਆਰ ਕੀਤੀ ਖਾਦ ਦੀ ਪੌਸ਼ਟਿਕ ਸ਼ਕਤੀ ਵਿਚ 0.8 ਪ੍ਰਤੀਸ਼ਤ Nitrogen, 0.3 ਤੋਂ 0.5 ਪ੍ਰਤੀਸ਼ਤ ਤੱਕ Phosporus pentoxide ਅਤੇ 1-1.5 ਪ੍ਰਤੀਸ਼ਤ ਤੱਕ potassium oxide ਹੁੰਦਾ ਹੈ। ਫਿਰ ਵੀ ਇਸ ਖਾਦ ਬਨਾਉਣ ਦੀ ਵਿਧੀ ਵਿਸ਼ੇਸ ਰੂਪ ਵਿਚ ਵਿਚ ਟੋਏ ਬਨਾਉਣ ਲਈ ਅਤੇ ਸਮੇਂ ਸਮੇਂ ਉਲਟਾਉਣ ਪਲਟਾਉਣ ਵਿਚ ਬੜੀ ਮੇਹਨਤ ਕਰਨੀ ਪੈਂਦੀ ਹੈ।



## ਧਿਆਨ ਰਹੇ ਕਿ:

- ਬਾਗਬਾਨੀ ਪਦਾਰਥਾਂ ਦੀ ਰਹਿੰਦ ਖੂੰਹਦ ਨੂੰ ਖਾਦ ਬਨਾਉਣ ਵਿਚ ਪਹਿਲਾਂ ਵਰਤੋ।
- ਟੋਏ ਵਿਚ ਪਕਾਇਆ ਹੋਇਆ ਭੋਜਨ ਨਾ ਪਾਓ। ਹੱਡੀਆ, ਡੇਅਰੀ ਪਦਾਰਥ ਜਾਂ ਮੀਟ ਵਸਤੂਆਂ ਵੀ ਨਾ ਵਰਤੋ ਜਿਹਨਾਂ ਵਿਚ ਕੀੜੇ ਜਾਂ ਚੂਹੇ ਆਦਿਕ ਆ ਸਕਦੇ ਹਨ।
- ਸਿਰਫ਼ ਸਬਜ਼ੀਆਂ ਅਤੇ ਫਲਾਂ ਦੇ ਛਿਲਕਿਆ ਦੀ ਹੀ ਵਰਤੋਂ ਕਰੋ।
- ਅਖਬਾਰਾਂ ਅਤੇ ਹੋਰ ਛਪਾਈ ਵਾਲੇ ਕਾਗ਼ਜ਼ਾਂ ਦੀ ਵਰਤੋਂ ਨਾ ਕਰੋ।
- ਖੱਟੇ ਸੁਆਦ ਵਾਲੇ ਫਲਾਂ ਦੀ ਸੀਮਤ ਮਿਕਦਾਰ ਵਿਚ ਵਰਤੋਂ ਕੀਤੀ ਜਾ ਸਕਦੀ ਹੈ।
- ਕੋਈ ਧਾਤਾਂ, ਪਲਾਸਟਕਿ, ਸ਼ੀਸ਼ਾ ਜਾਂ ਸਾਬਣ ਜਿਹੀਆ ਕੈਮੀਕਲ ਵਸਤਾਂ ਦੀ ਵਰਤੋਂ ਨਾ ਕਰੋ।
- ਬਚੇ ਖੁਚੇ ਭੋਜਨ ਦੇ ਪਦਾਰਥਾਂ ਨੂੰ ਗਰਾਈਂਡਰ ਵਿਚ ਪੀਸ ਕੇ ਮਿਲਾਉਣ ਨਾਲ ਖਾਦ ਬਣਨ ਵਿਚ ਕਾਫ਼ੀ ਸਮਾਂ ਬਚ ਸਕਦਾ ਹੈ।

## ਕਿਤਾਬਾਂ ਦਾ ਚੀਣਾ ਚੀਣਾ ਕਰਨਾ

### ਇਹਨਾਂ ਨੂੰ ਰੱਦੀ ਨਾ ਬਣਾਓ। ਕਿਵੇਂ? ਅੱਗੇ ਪੜ੍ਹੋ:

ਇਹ ਕੋਈ ਲੁਕੀ-ਛਿਪੀ ਗੱਲ ਨਹੀਂ ਹੈ ਕਿ ਕਾਗ਼ਜ਼ ਬਨਾਉਣ ਲਈ ਦਰਖ਼ਤ ਕੱਟੇ ਜਾਂਦੇ ਹਨ। ਭਾਰਤ ਵਿਚ ਕਾਗ਼ਜ਼ ਬਨਾਉਣ ਵਾਲੀਆਂ ਸੱਨਅਤਾਂ ਆਪਣਾ ਕੱਚਾ ਮਾਲ ਕਿਸਾਨਾਂ ਕੋਲੋਂ ਦਰਖ਼ਤਾਂ ਦੇ ਰੂਪ ਵਿਚ ਲੈਂਦੀਆ ਹਨ, ਨਾ ਕਿ ਦੂਜੇ ਦੇਸ਼ਾਂ ਵਾਂਗੂੰ ਵਿਆਪਾਰਕ ਪੱਧਰ ਤੇ ਦਰਖ਼ਤਾਂ ਦੀ ਪੈਦਾਇਸ਼ ਕਰਨ। ਕੀ ਤੁਸੀਂ ਜਾਣਦੇ ਹੋ ਕਿ ਕਾਗ਼ਜ਼ ਦਾ ਉਤਪਾਦਨ ਕਰਨ ਵਿਚ ਕਾਰਬਨ ਫੁੱਟਪ੍ਰਿੰਟ ਦੀ ਵਰਤੋਂ ਬੜੀ ਵੱਡੀ ਮਾਤਰਾ ਵਿਚ ਕੀਤੀ ਜਾਂਦੀ ਹੈ ਕਿਉਂਕਿ ਉਤਪਾਦਨ ਕਿਰਿਆ ਦੌਰਾਨ fossil fuel ਦੀ ਵਰਤੋਂ ਹੁੰਦੀ ਹੈ? ਇਕ ਕਿਲੋਗਰਾਮ ਪੇਪਰ ਬਨਾਉਣ ਲਈ ਲਗ ਭਗ 324 ਲਿਟਰ ਪਾਣੀ ਦੀ ਲੋੜ ਹੁੰਦੀ ਹੈ। ਰੀਸਾਈਕਲ ਕੀਤੇ ਪੇਪਰ ਤੋਂ ਬਣਾਇਆ ਕਾਗ਼ਜ਼ ਘੱਟ resource intensive ਹੁੰਦਾ ਹੈ। ਇਸਤਰ੍ਹਾਂ ਕਾਗ਼ਜ਼ ਬਨਾਉਣ ਵਿਚ recycling ਦੀ ਵਿਧੀ ਪਾਣੀ ਦੀ ਬੱਚਤ ਵਿਚ ਬਹੁਤ ਸਹਾਇਕ ਹੈ। ਪੇਪਰ ਪੁਲਿਸ ਵਲੋਂ ਦਿਤੀ ਜਾਣਕਾਰੀ ਨੂੰ ਜਾਣੋ।

## ਸਾੜਨਾ, ਦਬਾਉਣਾ ਜਾਂ ਰੀਸਾਈਕਲ ਕਰਨਾ?

ਤੁਹਾਨੂੰ ਜੇ ਮਰਜ਼ੀ ਕਰਨ ਦਿਤੀ ਜਾਵੇ, ਤਾਂ ਤੁਸੀ ਪੇਪਰ ਨਾਲ ਕੀ ਕਰੋਗੇ?

- ਜਲਾਉਣ ਨਾਲ ਗਰਮੀ ਅਤੇ ਪਰਦੂਸ਼ਨ ਹੀ ਵਧੇਰੇ ਪੈਦਾ ਹੋਣਗੇ। ਇਸਦਾ ਨਿਕਾਸ ਹਵਾ ਵਿਚ ਹੀ ਹੋਵੇਗਾ ਜਿਸ ਨਾਲ ਸਾਡਾ ਸਾਹ ਘੁਟੇਗਾ। ਜਲਾਉਣ ਤੋਂ ਬਾਅਦ ਸਵਾਹ ਨੂੰ ਅਸੀਂ ਕੀ ਕਰਾਂਗੇ?
- ਕਾਗ਼ਜ਼ ਨੂੰ ਕਤਰਾ ਕਤਰਾ ਕਰਕੇ ਧਰਤੀ ਵਿਚ ਦਬਾਉਣ ਬਾਰੇ ਕੀ ਖਿਆਲ ਹੈ? ਇਸਤਰ੍ਹਾਂ ਜ਼ਮੀਨ ਅਤੇ ਭਾਰ ਦੀ ਢੋਆ ਢੁਆਈ ਲਈ ਕੀਮਤ ਅਦਾ ਕਰਨੀ ਹੋਵੇਗੀ।

ਅਸੀਂ ਕਹਿੰਦੇ ਹਾਂ ਕਿ ਸਥਾਨਕ ਕਬਾੜੀਆਂ ਨੂੰ ਵੇਚਣ ਦੀ ਬਜਾਏ ਆਪਣੇ ਪੇਪਰ ਨੂੰ recycle ਕਰੋ। ਇਸਦਾ ਕੀ ਅਸਰ ਹੋਵੇਗਾ? ਇਕ ਟਨ ਪੇਪਰ ਨੂੰ recycle ਕਰਨ ਨਾਲ ਕੋਈ 17 ਵੱਡੇ ਦਰਖ਼ਤ, 26500 ਲਿਟਰ ਪਾਣੀ, 3 cubic yards ਮਾਪ ਦੀ ਜ਼ਮੀਨ, ਤੇਲ ਦੀਆਂ ਦੋ ਬੈਰਲਜ਼ ਅਤੇ 4100 ਕਿਲੋਵਾਟ ਘੰਟੇ ਬਿਜਲੀ ਦਾ ਬਚਾਅ ਹੁੰਦਾ ਹੈ।

ਕਿਤਾਬਾਂ ਦੀ ਮੁੜ-ਵਰਤੋਂ ਦੀ ਪਾਲਿਸੀ ਨੂੰ ਅਪਨਾਉਣ ਨਾਲ ਪੇਪਰ ਦੀ ਵਰਤੋਂ ਘਟਾਉਣ ਵਿਚ ਅਹਿਮ ਸਹਾਇਤਾ ਮਿਲੇਗੀ। ਕਾਗ਼ਜ਼ ਨੂੰ ਇਕੱਤਰ ਕਰਨ ਵਿਚ, ਢੋਆ ਢੁਆਈ ਕਰਨ ਵਿਚ ਅਤੇ ਇਸਨੂੰ ਨਿਪਟਾਉਣ ਵਿਚ ਇਹ ਪਾਲਿਸੀ ਆਦਰਸ਼ਕ ਹੋਵੇਗੀ। ਪਰ ਸਕੂਲਾਂ ਵਿਚ ਪੇਪਰ ਦੀ ਵਰਤੋਂ ਘਟਾਉਣ ਲਈ ਹੋਰ ਵੀ ਰਸਤੇ ਹਨ.

ਹੇਠ ਲਿਖੀਆਂ ਤਜਵੀਜ਼ਾਂ ਨੂੰ ਵੀ ਵਰਤੋਂ ਵਿਚ ਲਿਆਂਦਾ ਜਾ ਸਕਦਾ ਹੈ:

- ਨਵੀਆਂ ਕਿਤਾਬਾਂ ਖਰੀਦਣ ਦੀ ਬਜਾਏ ਸਕੂਲ ਲਾਇਬ੍ਰੇਰੀ ਵਿਚੋਂ ਕਿਤਾਬਾਂ ਉਧਾਰ ਲਵੋ।
- ਵਰਤੋਂ ਕਰਨ ਲਈ ਉਹ ਕਾਗ਼ਜ਼ ਖਰੀਦੋ ਜਿਸ ਵਿਚ ਪਹਿਲਾਂ ਵਰਤੇ ਗਏ ਕਾਗ਼ਜ਼ ਦੇ ਅੰਸ਼ ਹੋਣ (ਪਹਿਲਾਂ ਵਰਤਿਆ ਅਤੇ ਮੁੜ ਵਰਤੋਂ ਲਈ recycle ਹੋਇਆ ਪੇਪਰ)।
- ਯਕੀਨਨ ਬਣਾਓ ਕਿ ਪੰਨਿਆਂ ਦੀ ਛਪਾਈ ਦੋਨੋ ਪਾਸੇ ਹੋਈ ਹੋਵੇ।
- **Presentation** ਬਨਾਉਣ ਲਈ ਪੋਸਟਰ ਪੇਪਰ ਦੀ ਬਜਾਏ ਕੰਪਿਊਟਰ ਦੀ ਵਰਤੋਂ ਕਰੋ।

ਕ੍ਰਿਪਾ ਕਰਕੇ ਸਵੱਛਤਾ ਐਪ ਨੂੰ ਡਾਉਨਲੋਡ ਕਰੋ ਅਤੇ
ਆਪਣੇ ਸ਼ਹਿਰ ਦੀ ਸਵੱਛਤਾ ਲਈ ਯੋਗਦਾਨ ਦੇਣਾ ਸ਼ੁਰੂ ਕਰੋ।
ਹਰ ਸਕੂਲ ਦੇ ਵੱਧ ਤੋਂ ਵੱਧ ਵਿਦਿਆਰਥੀ ਇਹ ਐਪ ਨੂੰ ਡਾਊਨਲੋਡ ਕਰਨ
ਤਾਂ ਜੋ ਇਸ ਨਾਲ ਉਹਨਾ ਦੇ ਸਕੂਲ ਨੂੰ ਸਵੱਛਤਾ ਰੈਂਕਿਗ ਵਿੱਚ ਵੱਧ ਨੱਬਰ ਮਿਲਣ।

## ACTIVITIES FOR STUDENTS

| ਵਿਸ਼ੇ ਅਤੇ ਵਿਸ਼ੇਸ਼ ਸੰਕਲਪ | Activity ਸ਼ੁਰੂ ਕਰਨ ਤੋਂ ਪਹਿਲਾਂ | Activity ਦੇ ਦੌਰਾਨ | Activity ਤੋਂ ਬਾਅਦ |
|---|---|---|---|
| ਕੂੜ-ਕਬਾੜ ਕਿਉਂ ਨਹੀਂ? ਕੁਦਰਤ ਵਿਚ ਕੁਝ ਵੀ ਵਿਅਰਥ ਨਹੀਂ।<br>ਵਿਸ਼ੇਸ਼ ਸੰਕਲਪ:<br>ਕੁਦਰਤ ਵਿਚ ਬਦਲਦੇ ਦੌਰ ਮਾਈਕਰੋ-ਆਰਗੇਨਿਜ਼ਮ ਨੂੰ ਤੋੜਦੇ ਹਨ ਅਤੇ ਇਹ ਮੁੜ ਮਿੱਟੀ ਵਿਚ ਮਿਲ ਜਾਂਦੇ ਹਨ। | 2 ਗਰੁਪ ਬਣਾਓ - ਜੰਗਲ ਅਤੇ ਪਿੰਡ/ ਨਗਰ/ਸ਼ਹਿਰ। ਆਪਣੇ ਆਪਣੇ ਗਰੁੱਪ ਵਿਚ ਕੰਮ ਕਰੋ ਅਤੇ ਇਹਨਾਂ ਦੋਨੋ ਥਾਵਾਂ ਤੇ ਪੈਦਾ ਹੋਣ ਵਾਲੇ ਵੱਖ ਵੱਖ ਕੂੜੇ ਦੀਆਂ ਲਿਸਟਾਂ ਬਣਾਓ। ਹੁਣ ਜ਼ਰਾ ਸੋਚੋ - ਜੰਗਲ ਵਿਚ ਪੱਤਿਆਂ, ਫ਼ੁੱਲਾਂ, ਫ਼ਲਾਂ ਅਤੇ ਦਰਖਤਾਂ ਅਤੇ ਪੌਦਿਆਂ ਦੇ ਬੀਜਾਂ ਨੂੰ ਕੀ ਹੁੰਦਾ ਹੈ? ਜੰਗਲ ਵਿਚ ਜੇ ਕੋਈ ਜਾਨਵਰ ਮਰ ਜਾਂਦਾ ਹੈ ਤਾਂ ਕੀ ਹੁੰਦਾ ਹੈ? -ਜਦ ਕਿ ਸ਼ਹਿਰਾਂ/ਪਿੰਡਾਂ/ਨਗਰਾਂ ਵਿਚ ਪਲਾਸਟਿਕ, ਪੁਰਾਣੇ ਕਪੜੇ, ਰਸੋਈ ਦਾ ਵਾਧੂ ਕੂੜਾ ਅਤੇ ਫੈਕਟਰੀਆ ਦਾ ਕੂੜ-ਕਬਾੜ ਕਿਥੇ ਜਾਂਦਾ ਹੈ? | ਮਨੁੱਖ ਦੇ ਵਰਤੋਂ ਕਰਨ ਤੋਂ ਬਾਦ ਪੈਦਾ ਹੋਏ ਕੂੜੇ ਵਿਚ ਵੱਖ ਵੱਖ ਚੀਜ਼ਾਂ ਦੀ ਲਿਸਟ ਬਣਾਓ ਅਤੇ ਸੋਚੋ ਕਿ ਇਸ ਨੂੰ ਸੁੱਟਣ ਤੋਂ ਬਾਅਦ ਇਹ ਕਿਥੇ ਪਹੁੰਚੇਗਾ; ਕਿਸੇ ਸਥਾਨਕ ਕੂੜਾ-ਸਥਾਨ ਤੇ ਜਾਂ ਕਿਸੇ ਨੇੜੇ ਦੇ ਪਾਣੀ ਦੇ ਵਹਾ ਵਿਚ।<br>Rag pickers ਵੀ recycling ਵਗੈਰਾ ਵਾਸਤੇ ਕੂੜਾ ਇਕੱਠਾ ਕਰਦੇ ਹਨ। ਕੂੜੇ ਦੀ ਲਿਸਟ ਵਿਚ ਪਲਾਸਟਿਕ ਬੋਤਲਾਂ, ਸਬਜ਼ੀਆਂ ਅਤੇ ਫ਼ਲਾਂ ਦੇ ਛਿਲਕੇ, ਵਰਤੀਆਂ ਬੈਟਰੀਆਂ, ਪੁਰਾਣੇ ਬਲਬ, ਪੁਰਾਣੇ ਕਪੜੇ, ਵਰਤੇ ਪੌਲੀ-ਬੈਗਜ਼, ਪੁਰਾਣੇ ਅਖਬਾਰ ਅਤੇ ਕਿਤਾਬਾਂ, ਫੈਕਟਰੀ ਦਾ ਕਬਾੜ, ਗੰਦਾ-ਬੂ-ਮਾਰਦਾ ਪਾਣੀ, ਕੀੜੇਮਾਰ ਦਵਾਈਆ ਦੇ ਡਿੱਬੇ, ਚਿੱਪਸ ਅਤੇ ਬਿਸਕੁਟਾਂ ਦੇ ਖਾਲੀ ਪੈਕਿਟਸ, ਟੀਨ ਦੇ ਡੱਬੇ ਅਤੇ ਪੁਰਾਣੇ ਟਾਇਰ। | ਤੁਸੀਂ ਦੇਖੋਗੇ ਕਿ ਕੁਦਰਤ ਵਿਚ ਕੁਝ ਵੀ ਫ਼ਜ਼ੂਲ ਨਹੀਂ, ਜਿਵੇਂ ਕਿ ਕੁਦਰਤ ਦਾ ਸਾਲਾਨਾ ਚੱਕਰ ਹੈ। ਜੀਵਤ ਚੀਜ਼ਾਂ ਮਰਦੀਆਂ, ਗਲਦੀਆਂ ਸੜਦੀਆ ਅਤੇ ਆਖਰਕਾਰ ਫਿਰ ਮਿੱਟੀ ਦਾ ਹਿੱਸਾ ਬਣ ਜਾਂਦੀਆਂ ਹਨ। ਹਰ ਚੀਜ਼ ਕਿਸੇ ਹੋਰ ਚੀਜ਼ ਦਾ ਸਰੋਤ ਬਣ ਜਾਂਦੀ ਹੈ। ਪੌਦੇ ਅਤੇ ਪੌਦਿਆਂ ਦੇ ਹਿੱਸੇ ਅਕਸਰ ਗਲ ਸੜ ਜਾਂਦੇ ਹਨ। ਇਸ ਵਿਧੀ ਨੂੰ biodegradation ਕਹਿੰਦੇ ਹਨ। Degradation ਦਾ ਮਤਲਬ ਗਲਨਾ ਸੜਨਾ ਹੈ ਅਤੇ bio ਦਾ ਮਤਲਬ ਜੀਵਤ ਆਰਗੇਨਿਜ਼ਮ ਵਿਚ ਗਲਣ ਸੜਨ ਦੀ ਕਿਰਿਆ ਹੋਣਾ ਜਿਵੇਂ ਕਿ ਬੈਕਟੇਰੀਆ, ਉੱਲੀ, ਕੀਟਨਾਸ਼ਕ, ਜਰਮ ਆਦਿਕ ਜੋ ਮਰੇ ਹੋਏ ਪਦਾਰਥਾਂ ਨੂੰ ਖਾਂਦੇ ਹਨ ਅਤੇ ਪੁਨਰ ਰੂਪ ਵਿਚ ਕੁਝ ਪੈਦਾ ਕਰਦੇ ਹਨ। |
| 2.Packaging the Waste – ਕਿਤਨੀਆ ਤੈਹਾਂ ਹੋਣ? ਵਿਸ਼ੇਸ਼ ਸੰਕਲਪ - ਵਰਤੇ ਅਤੇ ਫ਼ਜ਼ੂਲ non-degradable packaging. material ਫ਼ਜ਼ੂਲ ਕੂੜੇ ਨੂੰ ਵਧੇਰੇ ਔਖਾ ਬਣਾਉਂਦਾ ਹੈ। | ਹੁਣ ਤੁਸੀਂ ਉਹਨਾਂ ਚੀਜ਼ਾਂ ਬਾਰੇ ਸੋਚੋ ਜੋ ਵੱਖ ਵੱਖ ਤਰ੍ਹਾਂ ਦੇ packaging ਵਿਚ ਆਉਂਦੇ ਹਨ। ਕਿਸੇ ਰੋਜ਼ਾਨਾ ਵਰਤਣ ਵਾਲੀ ਚੀਜ਼ ਦੇ ਖਾਲੀ ਪੈਕਟ ਘਰੋਂ ਲਿਆਓ ਜਿਵੇਂ ਕਿ ਟੁੱਥ- ਪੇਸਟ, ਸਾਬਣ, ਸ਼ੈਂਪੂ ਜਾਂ ਕੋਈ ਡੀਟਰਜੰਟ।<br>-ਖਾਣਾ ਪਕਾਉਣ ਵਿਚ ਵਰਤੋਂ ਵਾਲੀਆਂ ਚੀਜ਼ਾਂ ਜਿਵੇਂ ਤੇਲ, ਘਿਓ, ਮਸਾਲੇ, ਚਾਹ, ਕੌਫ਼ੀ, ਦਾਲ ਚਾਵਲ ਆਦਿਕ। -Snacks ਵਿਚ ਵਰਤੋਂ ਵਾਲੀਆਂ ਚੀਜ਼ਾਂ ਜਿਵੇਂ ਟੌਫ਼ੀ, ਬਿਸਕਿਟ, ਚਿਪਸ, ਚੌਕਲੇਟ, ਫ਼ਰੂਟ ਜੂਸ, ਸੌਫ਼ਟ ਡਰਿੰਕ ਜਾਂ ਆਈਸ਼ ਕਰੀਮ ਆਦਿਕ। | ਹੁਣ ਪੈਕਟ ਵੱਲ ਧਿਆਨ ਨਾਲ ਦੇਖੋ, ਜੋ ਤੁਸਾਂ ਕਲਾਸ ਵਿਚ ਲਿਆਂਦਾ ਸੀ, ਅਤੇ ਨੋਟ ਕਰੋ।<br>1.ਉਹ ਕੀ ਚੀਜ਼ ਹੈ ਜੋ ਪੈਕ ਕੀਤੀ ਹੋਈ ਹੈ?<br>2.ਇਹ ਕਾਹਦੀ ਬਣੀ ਹੋਈ ਹੈ - ਪਲਾਸਟਿਕ, ਸੈਲੋਫੇਨ, ਗੱਤਾ, ਕਾਗ਼ਜ਼, ਸ਼ੀਸ਼ਾ, ਧਾਤ ਜਾਂ ਕੋਈ ਹੋਰ ਚੀਜ਼।<br>3.ਪੈਕਿਜਿੰਗ ਦੀਆਂ ਕਿੰਨੀਆਂ ਤਹਿਆਂ ਸਨ? ਪੈਕਿਜਿੰਗ ਨੂੰ ਤੁਸੀਂ ਕਿਥੇ ਸੁਟਿਆ? | ਤੁਸੀਂ ਦੇਖੋਗੇ ਕਿ ਵੱਖ ਵੱਖ ਘਰੇਗੀ ਚੀਜ਼ਾਂ ਦੀ ਪੈਕਿਜਿੰਗ ਅੱਜ ਕਲ੍ਹ ਉਹਨਾਂ ਨੂੰ ਇਕ ਤੋਂ ਦੂਜੀ ਥਾਂ ਦੂਰ ਤੱਕ ਲਿਜਾਉਣ ਲਈ ਬਹੁਤ ਸਹੂਲਤ ਵਾਲੀ ਹੋ ਗਈ ਹੈ। ਫਿਰ ਵੀ ਇਹ ਖਰਾਬ ਨਹੀਂ ਹੁੰਦੀਆ ਪਰ ਸੁੱਟਣ ਵੇਲੇ ਇਹ ਪੀਲੀਆ ਪੈ ਜਾਂਦੀਆਂ ਹਨ ਅਤੇ ਕੂੜੇ ਦੀ ਮੁਸ਼ਕਲ ਪੈਦਾ ਕਰਦੀਆਂ ਹਨ। |
| 3. Biodegradable and Non-biodegradable Waste – ਕੀ ਕਿਥੇ ਜਾਂਦਾ ਹੈ?<br>ਵਿਸ਼ੇਸ਼ ਸੰਕਲਪ: – Biodegradable and non-biodegradable Waste. | ਦੋ ਸਥਿਤੀਆਂ ਬਾਰੇ ਫਿਰ ਸੋਚੋ - ਕੁਦਰਤੀ ਜੰਗਲ ਅਤੇ ਮਨੁਖੀ ਵਸੋਂ, ਅਤੇ ਵਿਚਾਰ ਕਰੋ ਕਿ ਇਹਨਾਂ ਦੋਨਾਂ ਦੇ ਕੂੜੇ ਵਿਚ ਫਰਕ ਕਿਉਂ ਹੈ? ਧਿਆਨ ਕੀਤਾ ਜਾਂਦਾ ਹੈ ਕਿ ਉਹ ਕੂੜਾ ਜਿਸਨੂੰ ਅਦਲ ਬਦਲ ਕੀਤਾ ਜਾ ਸਕਦਾ ਹੈ, ਉਹ biodegradable waste ਹੈ ਅਤੇ ਕੂੜੇ ਦੇ ਉਹ ਅੰਸ਼ ਜਿਹਨਾਂ ਦਾ ਅਦਲ ਬਦਲ ਨਹੀਂ ਕੀਤਾ ਜਾ ਸਕਦਾ ਉਹ non-degradable ਹਨ। ਇਹ ਫ਼ਜ਼ੂਲ ਚੀਜ਼ਾਂ ਇਕੱਠੀਆ ਹੁੰਦੀਆਂ ਰਹਿੰਦੀਆਂ ਹਨ ਅਤੇ ਵਾਤਾਵਰਣ ਨੂੰ ਦੂਸ਼ਤ ਕਰਦੀਆਂ ਹਨ। | ਆਪਣੇ ਆਲੇ ਦੁਆਲੇ ਕੂੜਾ ਜਾਂ ਫ਼ਜ਼ੂਲ ਵਸਤੂਆਂ ਵਿਚ ਵੱਖ ਵੱਖ ਚੀਜ਼ਾਂ ਦੀ ਲਿਸਟ ਬਣਾਓ, ਉਹਨਾਂ ਨੂੰ ਵੱਖ ਵੱਖ ਕਰਕੇ ਵੱਖ ਵੱਕ ਡਿਬਿਆਂ ਵਿਚ ਪਾਓ - Degradable ਜਾਂ non-degradable . ਇਸ ਲਿਸਟ ਵਿਚ ਕੇਲੇ ਦੀਆਂ ਛਿੱਲਾਂ, ਚਮੜੇ ਦੀਆ ਬੈਲਟਾਂ, ਜੂਸ ਦੇ ਖਾਲੀ ਪੈਕ, ਟੁਥ ਬਰੁਸ਼, ਟੁਥ ਪੇਸਟ ਦੀਆਂ ਵਰਤੀਆ ਟਿਊਬਾਂ, ਅਖਬਾਰੀ ਕਾਗ਼ਜ਼, ਬੈਟਰੀ, ਸ਼ੀਸ਼ੇ ਦੀਆਂ ਚੂੜੀਆਂ, ਸੁੱਕੇ ਪੱਤੇ, ਸੇਬਾਂ ਦੀਆਂ ਛਿੱਲਾਂ, ਚਿੱਪਸ ਪੈਕਿਟਸ, ਮਰੇ ਕੀੜੇ ਮਕੌੜੇ, ਰੋਟੀਆਂ, ਪਲਾਸਟਿਕ ਪੈੱਨ, ਫ਼ੁੱਲ, ਹਰੇ ਪੱਤੇ, ਆਲੂ, ਪੁਰਾਣੀਆਂ ਨੋਟ ਬੁਕਸ, ਸੌਫ਼ਟ ਡਰਿੰਕ ਦੇ ਡਿੱਬੇ, ਕਪੜਿਆਂ ਦੇ ਟੁਕੜੇ, ਟੁੱਟੇ/ਖਰਾਬ ਬਲਬ, ਬਚਿਆ ਖਾਣਾ, ਪਲਾਸਟਿਕ ਬੈਗ, ਸ਼ੀਸ਼ੇ ਦੀਆਂ ਟੁੱਟੀਆਂ ਬੋਤਲਾਂ। | ਤੁਸੀਂ ਦੇਖੋਗੇ ਕਿ ਟੁੱਟੀਆ/ਖਰਾਬ ਜਾਂ ਫ਼ਜ਼ੂਲ ਵੱਖ ਵੱਖ ਵਸਤਾਂ ਦੀ degradability ਕਿਉਂ ਜ਼ਰੂਰੀ ਹੈ? Bioderadable ਕੂੜਾ ਵੀ ਮੁਸ਼ਕਲਾਂ ਪੈਦਾ ਕਰ ਸਕਦਾ ਹੈ ਕਿਉਂਕਿ ਲੋਕ ਇਸਨੂੰ ਇਤਨੀ ਜ਼ਿਅਦਾ ਮਾਤਰਾ ਵਿਚ ਪੈਦਾ ਕਰਦੇ ਹਨ ਜਿਸ ਨੂੰ ਠੀਕ ਤਰ੍ਹਾਂ ਨਿਪਟਾਉਣਾ ਬਹੁਤ ਮੁਸ਼ਕਲ ਹੈ। ਇਹ ਕੁਦਰਤ ਦੀ ਵਿਨਾਸ਼ਕ ਮਸ਼ੀਨਰੀ ਨੂੰ ਵਧੇਰੇ ਭਾਰੂ ਕਰਨਾ ਹੁੰਦਾ ਹੈ। |

**Material for Activities, Courtesy : Dr. Meenal Arora, P.hd. (Edu.)**

| | | | |
|---|---|---|---|
| 4. ਕੂੜੇ ਦਾ ਸਰਵੇਖਣ - ਵੱਖ ਵੱਖ ਕਿਸਮਾਂ ਦਾ ਕੂੜ-ਕਬਾੜ। ਵਿਸ਼ੇਸ਼ ਸੰਕਲਪ: ਫ਼ਜ਼ੂਲ ਕੂੜੇ ਨੂੰ ਉਸਦੀਆਂ ਵੱਖ ਵੱਖ ਕਿਸਮਾਂ ਅਨੁਸਾਰ ਅਲੱਗ ਕੀਤਾ ਜਾ ਸਕਦਾ ਹੈ। ਅਲੱਗ ਨਾ ਕੀਤੇ ਕੂੜੇ ਨੂੰ ਖੁੱਲ੍ਹੇ ਆਮ ਸੁੱਟ ਦੇਣਾ ਝਾਨੀਕਾਰਕ ਹੈ। | ਕੂੜੇ ਵਿਚਲੀਆਂ ਵੱਖ ਵੱਖ ਵਸਤਾਂ ਨੂੰ ਵੱਖ ਵੱਖ ਤਰੀਕੇ ਨਾਲ ਵਰਤਣਾ ਅਤੇ ਨਿਪਟਾਉਣਾ ਚਾਹੀਦਾ ਹੈ ਤਾਕਿ ਠੀਕ ਤਰ੍ਹਾਂ ਠੀਕ ਥਾਂ ਤੇ ਸੁਟਿਆ ਜਾ ਸਕੇ। | ਆਪਣੇ ਇਲਾਕੇ ਵਿਚ ਕੂੜਾ-ਕਰਕੱਟ ਨੂੰ ਧਿਆਨ ਨਾਲ ਦੇਖਣ ਦੀ ਕੋਸ਼ਿਸ਼ ਕਰੋ ਅਤੇ ਠੀਕ ਤਰੀਕੇ ਨਾਲ ਸਾਰੀ ਜਾਣਕਾਰੀ ਇਕ ਕਾਗ਼ਜ਼ ਤੇ ਲਿਖੋ। ਜੇ ਲੋੜ ਪਵੇ ਤਾਂ ਹੋਰ ਲੋਕਾਂ ਨਾਲ ਗੱਲ ਬਾਤ ਕਰੋ। ਲਿਖਤੀ ਰੂਪ ਵਿਚ ਕਰਨ ਨਾਲ ਇਸ ਕੂੜੇ ਨੂੰ ਨਿਪਟਾਉਣ ਲਈ ਤੁਹਾਨੂੰ ਕਈ ਤਰੀਕੇ ਸੁੱਝਣਗੇ ਕਿ ਕੂੜਾ ਕਿਸ ਕਿਸਮ ਦਾ ਹੈ ਅਤੇ ਇਸ ਨੂੰ ਆਪਣੇ ਇਲਾਕੇ ਵਿਚ ਕਿਵੇਂ ਸੰਭਾਲਿਆ ਜਾ ਸਕਦਾ ਹੈ। | ਸਰਵੇ ਕਰਨ ਤੋਂ ਬਾਅਦ ਕਲਾਸ ਵਿਚ ਗੱਲਬਾਤ ਕਰਨਾ। ਆਪਣੇ ਆਪ ਨੂੰ ਹੀ ਪੁੱਛੋ - ਕੀ ਤੁਸੀਂ ਪਹਿਲਾਂ ਵੀ ਕਦੇ ਇਸਤਰ੍ਹਾਂ ਦੇਖਿਆ/ਸੋਚਿਆ ਹੈ? ਕੀ ਤੁਸੀਂ ਆਪਣੀਆਂ ਲੱਭਤਾਂ ਨਾਲ ਹੈਰਾਨ ਹੋਏ ਹੋ? ਇਸਤਰ੍ਹਾਂ ਦੇ ਕੁਝ ਨੁਕਤਿਆ ਤੇ ਗੱਲ ਬਾਤ ਕੀਤੀ ਜਾ ਸਕਦੀ ਹੈ ਕਿ ਵੱਖ ਵੱਖ ਨਾ ਕੀਤੇ ਕੂੜੇ ਨੂੰ ਖੁੱਲ੍ਹਾ ਸੁੱਟਣਾ ਮਨੁੱਖੀ ਸੇਹਤ ਅਤੇ ਵਾਤਾਵਰਣ ਵਾਸਤੇ ਕਿਤਨਾ ਹਾਨੀਕਾਰਕ ਹੈ? ਕੂੜੇ ਵਿਚੋਂ ਮੱਖੀਆਂ/ਚੂਹੇ ਅਤੇ ਕੀੜੇ ਮਕੌੜੇ ਪੈਦਾ ਹੁੰਦੇ ਹਨ ਜੋ ਬੀਮਾਰੀਆ ਫੈਲਾਉਂਦੇ ਹਨ। ਜਦ ਬਾਰਸ਼ ਹੁੰਦੀ ਹੈ ਤਾਂ ਹਾਨੀਕਾਰਕ ਕੂੜੇ ਵਿਚੋਂ ਪਾਣੀ ਨਾਲ ਦੂਸ਼ਤ ਮਾਦਾ ਰਿਸਦਾ ਹੈ ਜਿਸ ਨਾਲ ਜ਼ਮੀਨ ਅਤੇ ਪਾਣੀ ਦੇ ਸਰੋਤ ਦੂਸ਼ਤ ਹੁੰਦੇ ਹਨ। ਵੱਖ ਵੱਖ ਨਾ ਕੀਤੇ ਕੂੜੇ ਵਿਚ ਜਿਵੇਂ ਪਲਾਸਟਿਕ ਨੂੰ ਸਾੜਨਾ ਬਹੁਤ ਹੀ ਨੁਕਸਾਨਦੇਹ ਹੁੰਦਾ ਹੈ ਕਿਉਂਕਿ ਉਸ ਵਿਚੋਂ ਨਿਕਲਣ ਵਾਲਾ ਧੂੰਆਂ ਆਮ ਵਾਤਾਵਰਣ ਨੂੰ ਬਹੁਤ ਬੁਰੀ ਤਰ੍ਹਾਂ ਦੂਸ਼ਤ ਕਰਦਾ ਹੈ। |
| 5.ਸਕੂਲ ਵਿਚ ਕੂੜੇ ਦਾ ਨਕਸ਼ਾ। ਵਿਸ਼ੇਸ਼ ਸੰਕਲਪ -ਕੂੜੇ ਨਾਲ ਸਬੰਧਤ ਕਿਸੇ ਵੀ ਮਸਲੇ ਨੂੰ ਪਹਿਚਾਨਣਾ ਅਤੇ ਕੋਈ ਕਾਰਗਰ ਹੱਲ ਲੱਭਣਾ। | ਸਕੂਲ ਅਦਾਰੇ ਦੇ ਵੱਖ ਵੱਖ ਖੇਤਰਾਂ ਬਾਰੇ ਸੋਚਣਾ ਜਿਵੇਂ ਕਲਾਸ ਰੂਮ, ਵਰਾਂਡਾ, ਅਸੈਂਬਲੀ ਸਥਾਨ, ਸਟਾਫ਼ ਰੂਮ, ਕੈਂਟੀਨ/ਮੈੱਸ, ਖੇਡ- ਮੈਦਾਨ, ਟੌਇਲਟਸ, ਆਦਿ। | ਦੁਪਹਿਰ ਦੇ ਖਾਣੇ ਤੋਂ ਬਾਅਦ ਜਾਂ ਸਕੂਲ ਦਿਵਸ ਵਾਲੇ ਦਿਨ ਸ਼ਾਰੇ ਸਕੂਲ ਵਿਚ ਇਕ ਚੱਕਰ ਮਾਰੋ ਜਦ ਕਿ ਵੱਧ ਤੋਂ ਵੱਧ ਕੂੜਾ ਹੋ ਸਕਦਾ ਹੈ। ਵੱਖ ਵੱਖ ਥਾਵਾਂ ਤੇ ਲੱਭੇ ਕੂੜੇ ਦੀਆਂ ਵੱਖ ਵੱਖ ਕਿਸਮਾਂ ਨੂੰ ਨੋਟ ਕਰੋ ਅਤੇ ਉਸ ਕੂੜੇ ਨੂੰ ਨਿਪਟਾਉਣ ਦੇ ਤਰੀਕਿਆਂ ਬਾਰੇ ਸੋਚੋ। | ਆਪਣੇ ਸਰਵੇ ਦੀਆਂ ਲੱਭਤਾਂ ਬਾਰੇ ਵਿਚਾਰ ਕਰੋ ਅਤੇ ਇਸ ਆਧਾਰ ਤੇ ਕੂੜੇ ਦੀਆ ਵੱਖ ਵੱਖ ਥਾਵਾਂ ਅਨੁਸਾਰ ਕੂੜੇ ਕਰਕੱਟ ਦਾ ਨਕਸ਼ਾ ਤਿਆਰ ਕਰੋ ਜਿਵੇਂ ਕਿ ਨੀਲੇ ਬਿੰਦੂਆਂ ਵਾਲੇ ਥਾਂ ਤੇ ਫਿਜ਼ੂਲ ਕਾਗਜ ਅਤੇ ਹਰੇ ਬਿੰਦੂਆਂ ਵਾਲੇ ਥਾਂ ਤੇ ਫ਼ਜ਼ੂਲ ਭੋਜਨ, ਲਾਲ ਰੰਗ ਵਾਲੇ ਬਿੰਦੂਆਂ ਵਾਲੇ ਥਾਂ ਤੇ ਪਲਾਸਟਿਕ ਰੈਪ ਪੇਪਰਜ਼, ਕੋਈ ਤਿੰਨ ਥਾਵਾਂ ਦੇਖੋ ਜਿਥੇ ਡਸਟ ਬਿੰਨ ਲੋੜੀਂਦੇ ਹਨ। ਕੂੜਾ ਨਿਪਟਾਉਣ ਵਾਲੀ ਕੋਈ ਜਗਹ ਦੀ ਭਾਲ ਕਰੋ। |
| 6.ਸਕੂਲ ਸਫ਼ਾਈ ਅੰਦੋਲਨ - ਜਾਗਰਤੀ ਪੈਦਾ ਕਰਨਾ। ਵਿਸ਼ੇਸ਼ ਸੰਕਲਪ: ਵਾਤਾਵਰਣ ਸਬੰਧੀ ਵਿਚਾਰਾਂ ਦਾ ਆਦਾਨ ਪ੍ਰਦਾਨ ਕਰਨਾ ਇਕ ਜ਼ਰੂਰੀ ਸਾਧਨ ਹੈ। ਇਸ ਮਾਧਿਅਮ ਲਈ ਪੋਸਟਰ ਅਤੇ ਇਸ਼ਤਿਹਾਰਬਾਜ਼ੀ ਬਹੁਤ ਜ਼ਰੂਰੀ ਹੈ। | ਅੰਦਾਜ਼ਾ ਕਰੋ ਕਿ ਤੁਸੀਂ ਸਕੂਲ ਸਫ਼ਾਈ ਅੰਦੋਲਨ ਦੇ ਇੰਚਾਰਜ ਹੋ ਅਤੇ ਤੁਹਾਨੂੰ ਆਪਣਾ ਸੰਦੇਸ਼ ਦੇਣ ਲਈ ਕਿਰਿਆਤਮਿਕ ਸਾਧਨਾਂ ਦੀ ਜ਼ਰੂਰਤ ਹੈ ਤਾਕਿ ਸਾਰਾ ਸਕੂਲ ਹੀ ਇਸ ਅੰਦੋਲਨ ਦਾ ਹਿੱਸਾ ਬਣ ਜਾਵੇ ਅਤੇ ਸਕੂਲ ਨੂੰ ਸਾਫ਼ ਸੁਥਰਾ ਅਤੇ ਸੇਹਤਮੰਦ ਰਖਿਆ ਜਾ ਸਕੇ। | ਜੋੜੇ ਬਣ ਕੇ ਕੰਮ ਕਰੋ ਅਤੇ ਵਿਸ਼ੇਸ ਮਾਧਿਅਮ ਸਾਧਨਾ ਰਾਹੀਂ ਕੂੜਾ ਕਰਕੱਟ ਨੂੰ ਪੁਨਰ-ਨਿਰਮਾਣ ਰਾਹੀਂ, ਦੁਬਾਰਾ ਵਰਤੋਂ ਰਾਹੀਂ ਅਤੇ ਵਾਤਾਵਰਣ ਨੂੰ ਨੁਕਸਾਨ ਕਰਨ ਵਾਲੇ ਖੂੜੇ ਨੂੰ ਖਤਮ ਕਰੋ।ਘਟਾਓ। ਡਸਟਬਿੰਨ ਵਰਤਣ ਦਾ ਚੇਤਾ ਕਰਾਓ। ਪਲਾਸਟਿਕ ਅਤੇ ਹੋਰ ਅਜਿਹੀਆਂ ਚੀਜ਼ਾਂ ਨੂੰ ਵਰਤੋਂ ਵਿਚ ਨਾ ਲਿਆਓ। ਹੇਠ ਲਿਖੇ ਵਿਸ਼ੇਸ਼ ਨਾਹਰੇ ਅਤੇ ਪੋਸਟਰਾਂ ਦੇ ਸੰਦੇਸ਼ਾਂ ਨੂੰ ਅਪਣਾਓ। -ਕੋਈ ਅਪੀਲ ਹੋਵੇ ਜੋ ਲੋਕਾਂ ਨੂੰ ਦੁਗਣਾ ਕੰਮ ਕਰਨ ਲਈ ਉਤਸ਼ਾਹਤ ਕਰੇ। -ਹਰ ਮੁਸ਼ਕਲ ਦਾ ਹੱਲ ਲੱਭਣ ਤੇ ਜ਼ੋਰ ਦਿਤਾ ਜਾਵੇ। -ਦਿਤਾ ਸੰਦੇਸ਼ ਬਹੁਤ ਸੌਖਾ ਅਤੇ ਸਪਸ਼ਟ ਹੋਵੇ ਤਾ ਕਿ ਜਲਦੀ ਸਮਝ ਆ ਜਾਵੇ। | ਵਿਸ਼ੇਸ਼ ਨਾਹਰੇ ਅਤੇ ਪੋਸਟਰ ਤਿਆਰ ਕਰਨ ਤੋਂ ਬਾਅਦ ਤੁਸੀਂ ਇਕ ਹਸਤਾਖਰ ਅੰਦੋਲਨ ਸ਼ੁਰੂ ਕਰੋ। ਵੱਧ ਤੋਂ ਵੱਧ ਲੋਕਾਂ (ਅਧਿਆਪਕ, ਵਿਦਿਆਰਥੀ, ਮਾਪੇ, ਗੁਆਂਢੀ, ਆਦਿਕਾਂ) ਦੇ ਦਸਖਤ ਲਵੋ ਜੋ ਕੰਮ ਕਰਨ ਲਈ ਦ੍ਰਿੜ ਹੋਣ ਅਤੇ ਪ੍ਰਣ ਕਰਦੇ ਹੋਣ। ਇਕ ਹਫ਼ਤੇ ਲਈ ਇਸ ਅੰਦੋਲਨ ਨੂੰ ਚਲਾਉਣ ਤੋਂ ਬਾਅਦ, ਹੇਠ ਲਿਖੇ ਨੁਕਤਿਆਂ ਤੇ ਵਿਚਾਰ ਕੀਤਾ ਜਾਵੇ: -ਕੀਤੇ ਪ੍ਰਣ ਦਾ ਆਮ ਪ੍ਰਤੀਕਰਮ ਕੀ ਸੀ? - ਕੀ ਤੁਹਾਨੂੰ ਲੋਕਾ ਤੋਂ ਕੋਈ ਹੋਰ ਉਸਾਰੂ ਸਲਾਹ ਮਿਲੀ? - ਕੀ ਲੋਕਾਂ ਨੇ ਪ੍ਰਣ ਕਰਨ ਤੋਂ ਵਿਰੋਧ ਕੀਤਾ? ਜੇ ਹੋਇਆ, ਤਾਂ ਉਹਨਾਂ ਦਾ ਕੀ ਸੁਝਾਅ ਸੀ? -ਕੋਈ ਵਿਰੋਧਤਾ ਵਾਲਾ ਨੁੱਕਤਾ ਦਸੋ ਜਿਸਦਾ ਤੁਸਾਂ ਸਾਹਮਣਾ ਕੀਤਾ ਹੋਵੇ ਤੇ ਫਿਰ ਤੁਸੀਂ ਉਸਨੂੰ ਕਿਵੇਂ ਨਜਿੱਠਿਆ? |



















Material Courtesy : A Manual to assess the green performance of your school, published by Centre for Science and Environment, New Delhi